# ਸੂਰਾ

ਾਸਕ ਪੱਤਰ

ਅੰਮ੍ਰਿਤਸਰ AMRITSAR

## ਗੁਰਦਵਾਰਾ ਨਾਨਕ-ਮਤਾ (ਨੈਨੀਤਾਲ)



ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨਾਲ ਗੋਸ਼ਟ ਕੀਤੀ ।

Feb 1975

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ ੩/੭੦-੬੮-੨੧ (ਅ.ਪ.) ਮਿਤੀ ੧੭-੧੦-੬੮ ਅਨੁਸ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ, ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾ

# ਤਤਕਰਾ


| | |
|---|---|
| ਬਸੰਤੁ ਚੜਿਆ ਫੂਲੀ ਬਨਰਾਇ | ਬਸੰਤ ਮਹਲ |
| ਭਗਤ ਬਾਣੀ ਕਿਵੇਂ ਉਚਾਰਨ ਹੋਈ ਤੇ ਬੀੜ ਵਿਚ ਚੜ੍ਹੀ ? | ਭਾ: ਸਾ: ਰਣਧੀਰ ਸਿੰਘ |
| ਜ਼ਾਹਰ ਜ਼ਹੂਰ ਗੁਰੂ ਗੋਬਿੰਦ ਸਿੰਘ | ,, ,, |
| ਅਕਾਲ ਪੁਰਖ ਦੀ ਦਰਗਾਹ (੪) | ,, ,, |
| "ਗੁਰੂ ਜੋਤਿ" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ਸ: ਤਰਲੋਚਨ ਸਿੰਘ ਜੀ |
| ਸਿਖ ਇਤਿਹਾਸ ਤੇ ਇਕ ਨਜ਼ਰ | ਸਾਰੰਗ ਜੀ, ਕਪੂਰਥਲਾ |
| ਜੀਵਨਾ ਸਫਲ ਜੀਵਨ | ਗਿ: ਗੋਪਾਲ ਸਿੰਘ ਜੀ ਪਿੱਤ |
| ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ | ਸ: ਦੀਦਾਰ ਸਿੰ |
| ਮਾਈ ਜੱਸੀ ਜੀ (ਗੁ: ਮਾਈ ਥਾਨ, ਆਗਰਾ) | ਸ: ਵਰਿਆਮ ਸਿ |
| ਇਕ ਗੈਬੀ ਅਵਾਜ਼ | ਬੀਬੀ ਮਨਜੀਤ ਕੌਰ |
| ਭੋਜਨ ਵਿਚ ਸਰਬ-ਲੋਹ ਦੀ ਅਵੱਸ਼ਕਤਾ | ਆਜ਼ਮ ਚੋ |
| .........ਹਰਿ ਜੀਉ ਪ੍ਰਤਿਪਾਲਕ | ਸਾਰੰਗ |
| ਸਿਖ ਧਰਮ ਤੇ ਮਾਸ ਸ਼ਰਾਬ (ਗੁਰ-ਇਤਿਹਾਸ ਵਿਚੋਂ) (੪) | ਜੇ. ਪੀ. ਸੰਗਤ ਸਿੰਘ ਜੀ |
| ਸਿੱਖਾਂ ਨਾਲ ਧੱਕਾ ਕਿਉਂ ਕਰਦੇ ਹੋ ? | ਗਿ: ਸ਼ਾਦੀ ਸਿੰਘ ਜੀ |
| ਸਿੱਖਾਂ ਦੀਆਂ ਦਾੜ੍ਹੀਆਂ ਨੂੰ ਹੱਥ | ਗਿ: ਗੁਰਦਿਤ ਸਿੰਘ |
| ਸੇ ਦਾੜੀਆ ਸਚੀਆ ਜਿ ਗੁਰ ਚਰਨੀ ਲਗੰਨਿ੍ | 'ਸੂਰਾ' ਪਰਵਾਰ |
| ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ | 'ਸੂਰਾ' ਪਰਵਾਰ |
| ਸ਼ਰਾਬ ! ਖ਼ਾਨਾ ਖ਼ਰਾਬ | ਪ੍ਰੋ: ਮਹਿੰਦਰ ਸਿੰਘ ਜੀ |
| ਕਾਰਜ-ਸਾਧਕ ਕਮੇਟੀ ਦੇ ਫ਼ੈਸਲੇ | ਕਰਨਲ ਦਲਜੀਤ ਸਿੰਘ ਜੀ |
| ਤੇਹਿ ਜਸੁ ਜਯ ਜਯ ਜੰਪਹਿ | ਮਾ: ਦਸੌਂਧਾ ਸਿ |


## ਫ਼ਰਵਰੀ ੧੯੭੫ ਦੇ ਗੁਰਪੁਰਬ ਤੇ ਦਿਨ ਦਿਹਾਰ

| | | | |
|---|---|---|---|
| ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਅਵਤਾਰ ਧਾਰਿਆ | | | ੨੪ ਫ਼ਰ |
| ਮੇਲਾ ਕੰਠਾ ਸਾਹਿਬ | ੨੫ ਫ਼ਰਵਰੀ | ਸ਼ਹੀਦੀ ਸਾਕਾ ਨਨਕਾਣਾ ਸਾਹਿਬ | ੨੧ ਫ਼ਰ |
| ਬਸੰਤ ਪੰਚਮੀ | ੧੬ ਫ਼ਰਵਰੀ | ਜਨਮ ਭਗਤ ਰਵਿਦਾਸ ਜੀ | ੬ ਫ਼ਰਵਰੀ |

ਸੰਗਰਾਂਦ ਫਗਣ ੧੨ ਫ਼ਰਵਰੀ ਮਸਿਆ ੧੧ ਫ਼ਰਵਰੀ ਪੂਰਨਮਾਸ਼ੀ ੨੫ ਫ਼

ਜੀਊਲ ਫ਼ਾਈਨ ਪ੍ਰਿੰਟਰਜ਼, ਹਾਥੀਖ਼ਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ
ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾ
ਟੈਲੀਫ਼ੋਨ ਨੰਬਰ 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥


ਸਾਲਾਨਾ ਚੰਦਾ ਦੇਸ : ੬ ਰੁਪਏ
ਫ਼ੀ ਕਾਪੀ : ੬੦ ਪੈਸੇ

੧ੳ ਵਾਹਿਗੁਰੂ ਜੀ ਕੀ ਫ਼ਤਹਿ॥


# ਸੂਰਾ


ਮਾਸਕ ਪੱਤਰ

ਅੰਮ੍ਰਿਤਸਰ

ਪਰਦੇਸ : ਸਮੁੰਦਰੀ ਡਾਕ ਇਕ ਪੌਂਡ
ਹਵਾਈ ਡਾਕ ਦੇ ਰੇਟ ਵਖ ਵਖ ਹਨ।

ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੯ | ੧ ਫ਼ਰਵਰੀ, ੧੯੭੫ | ਅੰਕ ੨


## ਬਸੰਤੁ ਚੜਿਆ ਫੂਲੀ ਬਨਰਾਇ

ਬਸੰਤੁ ਚੜਿਆ ਫੂਲੀ ਬਨਰਾਇ ॥ ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥੧॥
ਇਨ ਬਿਧਿ ਇਹੁ ਮਨੁ ਹਰਿਆ ਹੋਇ ॥
ਹਰਿ ਹਰਿ ਨਾਮੁ ਜਪੈ ਦਿਨੁ ਰਾਤੀ, ਗੁਰਮੁਖਿ ਹਉਮੈ ਕਢੈ ਧੋਇ ॥੧॥ਰਹਾਉ॥
ਸਤਿਗੁਰ ਬਾਣੀ ਸਬਦੁ ਸੁਣਾਏ ॥ ਇਹੁ ਜਗੁ ਹਰਿਆ ਸਤਿਗੁਰ ਭਾਏ ॥੨॥
ਫਲ ਫੂਲ ਲਾਗੇ ਜਾਂ ਆਪੇ ਲਾਏ ॥ ਮੂਲਿ ਲਗੈ ਤਾਂ ਸਤਿਗੁਰੁ ਪਾਏ ॥੩॥
ਆਪਿ ਬਸੰਤੁ ਜਗਤੁ ਸਭੁ ਵਾੜੀ ॥ ਨਾਨਕ ਪੂਰੈ ਭਾਗਿ ਭਗਤਿ ਨਿਰਾਲੀ ॥੪॥
॥੫॥੧੭॥ [ਬਸੰਤ ਮ: ੩, ੧੧੭੭

ਪਹਿਲ ਬਸੰਤੈ ਆਗਮਨਿ, ਤਿਸ ਕਾ ਕਰਹੁ ਬੀਚਾਰੁ ॥
ਨਾਨਕ ਸੋ ਸਾਲਾਹੀਐ, ਜਿ ਸਭਸੈ ਦੇ ਆਧਾਰੁ ॥੨॥ [ਮ: ੨


ਐਡੀਟਰ : ਗਿਆਨੀ ਜਸਵੰਤ ਸਿੰਘ; ਬੀ. ਏ., ਬੀ. ਟੀ.



www.AKJ.Org

# ਭਗਤ ਬਾਣੀ ਕਿਵੇਂ ਉਚਾਰਨ ਹੋਈ ਤੇ ਕਿਵੇਂ ਬੀੜ ਵਿਚ ਚੜ੍ਹੀ

[ ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਸਤਿਨਾਮ ਕੇਵਲ (ਪੰਜਾਂ ਪਿਆਰਿਆਂ ਰਾਹੀਂ ਪ੍ਰਾਪਤ ਹੋਇਆ) ਗੁਰਮਤਿ ਨਾਮ ਹੀ ਹੈ ਅਤੇ ਗੁਰਮਤਿ ਨਾਮ ਕੇਵਲ ਇਕੋ ਹੀ ਹੈ, ਜੋ ਕੇਵਲ ਪ੍ਰਿਥਮ ਗੁਰੂ ਨਾਨਕ ਸਾਹਿਬ ਜੀ ਦੁਆਰਾ ਧੁਰ ਨਿਰੰਕਾਰ ਦੀ ਦਰਗਾਹ ਤੋਂ ਅਵਤਰਿਆ। ਇਸ ਪਰ ਕਈ ਸਜਨ ਇਹ ਸ਼ੰਕਾ ਕਰਦੇ ਹਨ ਕਿ, "ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਜੋ ਭਗਤ ਜਨ ਭਗਤ ਕਬੀਰ, ਨਾਮਦੇਵ, ਰਵਿਦਾਸ ਜੀ ਆਦਿਕ ਹੋਏ, ਕੀ ਉਨ੍ਹਾਂ ਨੇ ਸੰਸਾਰ ਵਿਚ ਸਤਿਨਾਮ ਦਾ ਪ੍ਰਚਾਰ ਨਹੀਂ ਕੀਤਾ। ਸਤਿਨਾਮ ਦੇ ਦ੍ਰਿੜਾਇਕ ਹੋਣ ਕਰਿ ਹੀ ਤਾਂ ਉਨ੍ਹਾਂ ਦੀ ਬਾਣੀ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਆਦਿ।" ਇਸ ਸ਼ੰਕਾ ਨਵਿਰਤੀ ਨਮਿਤ ਗੁਰਮਤਿ ਦੇ ਚਾਨਣੇ ਜੋ ਖੋਜ ਪ੍ਰਾਪਤ ਹੋਈ ਉਹ ਇਸ ਤਰ੍ਹਾਂ ਹੈ:—

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਸਾਹਿਬ ਨੇ ਭਗਤਾਂ ਦੀ ਉਹ ਬਾਣੀ ਨਹੀਂ ਚੜ੍ਹਾਈ ਜੋ ਭਗਤਾਂ ਨੇ ਜਨਮ ਧਾਰ ਕੇ ਭਗਤੀ ਜਾਮੇ ਵਿਚ ਅਤੇ ਭਗਤੀ ਭਾਵ ਦੇ ਉਮਾਹ ਵਿਚ ਆ ਕੇ ਉਚਾਰਨ ਕੀਤੀ, ਬਲਕਿ ਉਹ ਬਾਣੀ ਚਾੜ੍ਹੀ ਹੈ, ਜੋ ਗੁਰੂ ਸਾਹਿਬ ਜੀ ਦੀ ਅਗਾਧ ਕਲਾ ਦਵਾਰਾ ਭਗਤਾਂ ਦੇ ਦਿਬਯ ਜੋਤੀ ਜਾਮੇ ਸਮੇਤ ਗੁਰੂ ਪਾਰਸ ਸ਼ਕਤਿ-ਕਲਾ ਸੰਪੰਨ ਹੋ ਕੇ ਅਤੇ ਸੋਲ੍ਹਾਂ ਕਲਾ ਸੰਪੂਰਨ ਹੋ ਕੇ ਗੁਰਬਾਣੀ ਸਦਰਸ ਹੀ ਧੁਰ ਅਗੰਮੀ ਦਰਗਾਹ ਤੋਂ ਅਵਤਰੀ। ਭਗਤ ਜਨਾਂ ਦੇ ਜਗ-ਜਨਮੇ ਜਾਮੇ ਵਿਚ ਉਚਾਰਨ ਹੋਈ ਬਾਣੀ ਚਾਹੇ ਭਗਤੀ ਭਾਵ ਵਾਲੀ ਸੀ, ਪਰ ਗੁਰ-ਪਾਰਸ-ਕਲਾ ਸੰਪੰਨ ਅਤੇ ਸਰਬ ਕਲਾ ਸੰਪੂਰਨ ਬਾਣੀ ਨਹੀਂ ਸੀ, ਉਸ ਵਿਚ ਊਣਤਾ ਸੀ। ਏਸੇ ਕਰਕੇ ਗੁਰੂ ਸਾਹਿਬ ਨੇ ਉਹ ਨਹੀਂ ਚੜ੍ਹਾਈ, ਨਹੀਂ ਤਾਂ ਕਬੀਰ ਪੰਥੀ ਆਦਿਕ ਸੰਪ੍ਰਦਾਵਾਂ ਅੰਦਰ ਭਗਤਾਂ ਦੀਆਂ ਉਚਾਰਨ ਕੀਤੀਆਂ ਬਾਣੀਆਂ ਦੇ ਪੁਸਤਕਾਂ ਦੇ ਪੁਸਤਕ ਪਾਏ ਜਾਂਦੇ ਹਨ, ਪਰ ਉਹਨਾਂ ਪੁਸਤਕਾਂ ਵਿਚ ਦਰਜ ਹੋਈ ਬਾਣੀ ਵਿਚੋਂ ਕਿਸੇ ਭਗਤ ਦੀ ਬਾਣੀ ਭੀ ਗੁਰੂ ਸਾਹਿਬ ਨੇ ਨਹੀਂ ਚੜ੍ਹਾਈ, ਨਾ ਹੀ ਉਨ੍ਹਾਂ ਪੁਸਤਕਾਂ ਦੀ ਬਾਣੀ ਵਿਚੋਂ ਛਾਂਟਵੀਂ ਤੇ ਚੋਣਵੀਂ ਬਾਣੀ ਹੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਗਈ, ਗੁਰੂ ਗ੍ਰੰਥ ਸਾਹਿਬ ਵਿਚ ਸੋਈ ਬਾਣੀ ਚੜ੍ਹੀ ਜੋ ਗੁਰੂ ਦੇ ਅਗਾਧ ਭਾਣੇ ਅੰਦਰਿ ਗੁਰਬਾਣੀ, ਧੁਰ ਕੀ ਬਾਣੀ ਬਣੀ, ਅਰਥਾਤ ਗੁਰ-ਪਾਰਸ ਕਲਾ ਸੰਪੰਨ ਹੋ ਕੇ ਅਵਤਰੀ ਹੈ।

ਜਗਤ ਵਿਖੇ ਜਨਮੇ ਭਗਤ ਜਨਾਂ ਨੂੰ ਗੁਰੂ ਅਵਤਾਰ ਦੀ ਪਦਵੀ ਨਹੀਂ ਮਿਲੀ, ਉਹ ਭਗਤ ਅਵਤਾਰ ਸਦਵਾਏ, ਗੁਰੂ ਅਵਤਾਰ ਨਹੀਂ ਹੋਏ। ਗੁਰੂ ਅਵਤਾਰ ਦੀ ਪਦਵੀ ਕੇਵਲ ਸਤਿਗੁਰੂ ਨਾਨਕ ਸਾਹਿਬ ਨੂੰ ਹੀ ਪ੍ਰਾਪਤ ਹੋਈ। ਲੋਕਾਚਾਰ ਗੁਰੂ ਪਦ ਦੀਆਂ ਪਦਵੀਆਂ ਵਾਲੇ ਗੁਰੂ ਰਾਮਾ ਨੰਦ, ਗੋਰਖ ਆਦਿਕ ਬਥੇਰੇ ਆਪੇ ਹੀ ਬਣ ਬਣ ਬੈਠੇ, ਪ੍ਰੰਤੂ ਉਹ ਧੁਰ ਦਰਗਾਹੋਂ ਗੁਰੂ ਨਹੀਂ ਥਾਪੇ ਗਏ। ਇਸ ਲੋਕਾਚਾਰੀ ਆਪੇ ਬਣ ਬੈਠੇ ਗੁਰੂਆਂ ਦੀ ਸ਼੍ਰੇਣੀ ਵਿਚੋਂ ਕਿਸੇ ਨੇ ਭੀ ਗੁਰੂ ਅਕਾਲ ਪੁਰਖ ਨੂੰ ਗੁਰੂ ਧਾਰਨ ਨਹੀਂ ਕੀਤਾ। ਕਿਸੇ ਭਗਤ ਯਾ ਅਵਤਾਰ ਦਾ ਗੁਰੂ ਅਕਾਲ ਪੁਰਖ ਨਹੀਂ ਹੋਇਆ। ਜਿਤਨੀਆਂ ਭੀ ਸ਼੍ਰੇਣੀਆਂ, ਸੰਪ੍ਰਦਾਵਾਂ ਤੇ ਮਤਾਂ ਦੇ ਚਲਾਉਣ ਵਾਲੇ ਮੋਢੀ ਅਵਤਾਰ ਭਗਤ ਹੋਏ, ਉਨ੍ਹਾਂ ਆਪ ਹੀ ਉਹ ਮਤ ਚਲਾਏ ਤੇ ਆਪ ਹੀ ਉਨ੍ਹਾਂ ਦੇ ਮੋਢੀ ਸਦਾਏ ਤੇ ਆਪੇ ਹੀ ਗੁਰੂ ਬਣ ਬਣ ਬੈਠੇ, ਕਿਸੇ ਇਕ ਨੂੰ ਭੀ ਅਕਾਲ ਪੁਰਖ ਦੀ ਦਰਗਾਹੋਂ ਗੁਰੂ ਮਰਤਬੇ ਦੀ ਪ੍ਰਾਪਤੀ ਦੀ ਨਦਰ ਮਿਹਰ ਨਹੀਂ ਹੋਈ, ਨਾ ਹੀ ਕਿਸੇ ਨੇ ਅਕਾਲ ਪੁਰਖ ਦੇ ਪ੍ਰਾਇਣ ਹੋ ਕੇ ਮਤ ਚਲਾਏ, ਉਹ ਆਪੇ ਹੀ ਲੋਕ ਮਨੌਤੀ ਵਾਲੇ ਗੁਰੂ ਸਦਵਾਏ। ਉਨ੍ਹਾਂ ਦੀ ਗੁਰੂ ਪਦਵੀ ਵਾਲੀ ਥਾਪਨਾ ਧੁਰ ਦਰਗਾਹੋਂ ਏਜ਼ਦੀ ਤੋਂ ਨਹੀਂ ਹੋਈ। ਇਸ ਕਰਕੇ ਉਹ ਸਚੇ ਗੁਰੂ ਅਰਥਾਤ ਸਤਿਗੁਰੂ ਨਹੀਂ ਹਨ। ਨਾ ਹੀ ਉਨ੍ਹਾਂ ਦੀ ਬਾਣੀ ਹੀ ਸਤਿ ਬਾਣੀ ਕਹਾ ਸਕਦੀ ਹੈ। ਕੇਵਲ ਸਤਿਗੁਰੂ ਦੀ ਬਾਣੀ ਹੀ ਸਤਿ ਬਾਣੀ ਅਰਥਾਤ ਗੁਰਬਾਣੀ ਹੈ। ਕੇਵਲ ਗੁਰੂ ਨਾਨਕ ਸਾਹਿਬ ਹੀ ਸਚੇ ਗੁਰੂ (ਸਤਿਗੁਰੂ) ਹਨ, ਕਿਉਂਕਿ ਉਨ੍ਹਾਂ ਨੂੰ ਗੁਰੂ ਥਾਪਨਾ ਅਰਥਾਤ ਸਤਿਗੁਰੂ ਦੀ ਪਦਵੀ ਧੁਰ ਦਰਗਾਹੋਂ ਮਿਲੀ। ਇਸ ਕਰਕੇ "ਸਤਿਗੁਰ ਬਾਝੁ



www.AKJ.Org

ਗੁਰ ਨਹੀ ਕੋਈ'' ਦੇ ਵਾਕ ਅਨੁਸਾਰ ਸਤਿਗੁਰੂ ਹੀ ਸਚਾ ਗੁਰੂ ਹੈ। ਸਤਿਗੁਰੂ ਬਿਨਾਂ ਹੋਰ ਕੋਈ ਗੁਰੂ ਨਹੀਂ, ਜੇ ਹਨ ਤਾਂ ਕਚੇ ਗੁਰੂ ਨਾਮ-ਧਰੀਕ ਲੋਕਾਚਾਰੀ ਆਪੇ ਬਣ ਬੈਠੇ ਗੁਰੂ ਹਨ ਅਤੇ ਸਤਿਗੁਰ ਦੀ ਬਾਣੀ ਬਾਝੋਂ ਹੋਰ ਸਭ ਕੱਚੀ ਬਾਣੀ ਹੈ। ਕੇਵਲ ਸਤਿਗੁਰ ਦੀ ਬਾਣੀ ਹੀ ਸਚੀ ਹੈ:--

"ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ, ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ, ਬਾਣੀਆ ਸਿਰਿ ਬਾਣੀ ॥ [ਅਨੰਦੁ ਸਾਹਿਬ

ਸੋ ਗੁਰੂ ਕੀ ਬਾਣੀ ਹੀ ਸਚੀ ਬਾਣੀ, ਬਾਣੀਆਂ ਸਿਰ ਬਾਣੀ ਹੈ ਤੇ ਬਾਕੀ ਹੋਰ ਬਾਣੀ ਚਾਹੇ ਕਿਸੇ ਭਗਤ ਦੀ ਉਚਾਰਨ ਕੀਤੀ ਹੋਈ ਹੈ, ਚਾਹੇ ਕਿਸੇ ਬ੍ਰਹਮ-ਬੇਤੇ ਗਯਾਨ ਅਵਤਾਰੀ ਦੀ ਹੈ ਉਹ ਸਭ "ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ, ਹੋਰ ਕਚੀ ਬਾਣੀ ॥" ਦੇ ਗੁਰਵਾਕ ਅਨੁਸਾਰ ਕੱਚੀ ਹੈ। ਕੱਚੀ ਬਾਣੀ ਸਮਝ ਕੇ ਹੀ ਕਾਹਨੇ ਆਦਿ ਭਗਤਾਂ ਦੀਆਂ ਉਚਾਰਨ ਕੀਤੀਆਂ ਬਾਣੀਆਂ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਚੜ੍ਹਾਈਆਂ। ਏਹ ਕਾਹਨੇ ਆਦਿ ਭਗਤ ਇਸ ਖ਼ਿਆਲ ਨਾਲ ਆਏ ਸਨ ਕਿ ਜਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਭਗਤਾਂ ਦੀਆਂ ਬਾਣੀਆਂ ਗੁਰੂ ਸਾਹਿਬ ਨੇ ਚੜ੍ਹਾਈਆਂ ਹਨ, ਇਸੇ ਤਰ੍ਹਾਂ ਸਾਡੀਆਂ ਭੀ ਚੜ੍ਹ ਜਾਣਗੀਆਂ। ਉਹ ਆਪਣੇ ਜਾਣੇ ਇਹ ਸਮਝ ਕੇ ਆਏ ਸਨ ਕਿ ਗੁਰੂ ਸਾਹਿਬ ਨੇ ਭਗਤਾਂ ਦੀ ਭਗਤ-ਭੂਤਕੀ ਜਾਮੇ ਵਿਚ ਜਨਮ ਧਾਰ ਕੇ ਉਚਾਰੀ ਹੋਈ ਬਾਣੀ ਹੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਹੈ। ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਗੁਰੂ ਸਾਹਿਬ ਨੇ ਗੁਰੂ-ਅਕਾਲ-ਕਲਾ ਕ੍ਰਿਸ਼ਮੀ ਤੇਜ ਪ੍ਰਤਾਪ ਉਦੋਤ ਕਰਿ ਹੁਕਮ ਧੁਰੰਧਰੀ ਚਲਤ ਵਰਤਾ ਕੇ ਦਿਬਯ ਜੋਤੀ ਭਗਤਾਂ ਦੀਆਂ ਰੂਹਾਂ ਨੂੰ ਉਨ੍ਹਾਂ ਦੀ ਹੁਬ ਅਨੁਸਾਰ ਕਰਮ ਖੰਡ ਵਿਚੋਂ ਉਤਰਵਾਇ ਕੇ, ਸ਼ਬਦ-ਗੁਰ-ਸੱਤਾ ਦੇ ਕੇ ਪਰਤੱਖ ਸਾਕਾਰੀ ਦਿੱਬ ਸਰੂਪ ਵਿਚ ਸਾਵਧਾਨ ਕੀਤਾ, ਅਤੇ ਕਰਮ ਖੰਡੋਂ ਸਚ-ਖੰਡ ਦੇ ਵਾਸੀ ਕਰਾ ਨਿਰੰਕਾਰੀ ਸਮੀਪਤਾ ਦਾ ਭਾਗੀ ਬਣਾਇਆ ਅਤੇ ਨਿਰੰਕਾਰੀ ਹੁਕਮ ਅੰਦਰ ਗੁਰ ਪਾਰਸ-ਕ੍ਰਿਸ਼ਮੀ ਪ੍ਰਭਾਵ ਸਿੰਚਾਰ ਕਰ 'ਬੋਲਾਇਆ ਬੋਲੀ ਤੇਰਾ' ਦੇ ਗੁਰਵਾਕ ਦੇ ਭਾਵ ਅਨੁਸਾਰ ਬੋਲਣ ਦਾ ਅਧਿਕਾਰੀ ਬਣਾਇਆ।

ਹਾਂ ਜੀ ! ਇਉਂ ਧੁਰ ਖਸਮ ਰਜ਼ਾ ਦੁਆਰਾ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਤੇ ਸੁਸ਼ੋਭਤ ਹੋਈ ਭਗਤ-ਬਾਣੀ ਆਈ; ਲਿਖਤ ਉਤਾਰਿਆਂ ਕਰ ਦਰਜ ਨਹੀਂ ਹੋਈ, ਹੁਕਮ ਏਜ਼ਦੀ, ਗੁਰ ਨਦਰ ਕਟਾਖਸ਼ੀ ਭਾਣਿਆਂ ਅੰਦਰ ਹੀ ਧੁਰੋਂ ਉਤਰੀ।

## ਭਗਤ-ਬਾਣੀ ਤੇ ਭਟ-ਬਾਣੀ

ਕਲਾਧਾਰੀ ਸਮਰਥ ਸਤਿਗੁਰੂ ਦੀ ਇਹ ਵਡੀ ਵਡਿਆਈ ਹੈ ਕਿ ਤਨਕ ਮਾਤ੍ਰ ਨਦਰ ਕਰੰਮੀ ਕ੍ਰਿਸ਼ਮਾ ਵਰਤਾ ਕੇ ਵਕੂਫ-ਹੀਣ ਗੁੰਗਿਆਂ, ਖਲ ਮੂਰਖਾਂ ਨੂੰ ਭੀ ਅਪ੍ਰੱਖਸ਼ ਗਿਆਨ ਦੀ ਤੱਤ ਅਵਸਥਾ ਦਾ ਸਾਖਸ਼ਾਤਕਾਰ ਕਰਾ ਦੇਣ। ਗੁਰੂ ਅੱਠਵੇਂ ਪਾਤਸ਼ਾਹ ਜੀ ਨੇ ਪੰਜੋਖਰੇ ਸਾਹਿਬ ਵਿਚ ਇਕ ਖਲ ਮੂਰਖ ਨੂੰ ਆਪਣੀ ਅਕਰਖਣੀ ਛਿਟੀ ਦਾ ਸਪਰਸ਼ ਕਰਾ ਗੂੜ੍ਹ ਸੰਸਕ੍ਰਿਤੀ ਸਪਤ ਸਲੋਕੀ ਗੀਤਾ ਦਾ ਤਤ-ਬੇਤਾ, ਗਿਆਨ-ਬਕਤਾ ਅਤੇ ਅਰਥ-ਬੋਧ-ਵਖਿਆਤਾ ਬਣਾ ਦਿਤਾ। ਓਹ ਤਤ ਗਿਆਨ-ਵਖਿਆਨ, ਗੁਰੂ ਕਲਾ ਦੁਆਰਾ ਵਰਤਿਆ। ਤਾਂ ਤੇ ਉਹ ਗੁਰ-ਸੱਤਾ ਵਾਲਾ ਗਿਆਨ ਵਖਿਆਨ ਸੀ, ਨਾ ਕਿ ਉਸ ਮੂਰਖ ਦਾ ਗਿਆਨ। ਸੱਤੇ ਬਲਵੰਡ ਦੀ ਕਥਾ ਭੀ ਇਹੋ ਦਸਦੀ ਹੈ ਕਿ ਸਤੇ ਬਲਵੰਡ ਦੇ ਅੰਤਰ ਆਤਮੇ ਸਤਿਗੁਰੂ ਨੇ ਅਗਾਧ ਕਲਾ ਵਰਤਾ ਕੇ ਉਨ੍ਹਾਂ ਦੇ ਮੁਖੋਂ ਉਚਾਰਨ ਕਰਾਈ, ਨਹੀਂ ਤਾਂ ਸੱਤੇ ਬਲਵੰਡ ਦੀ ਕੀ ਸ਼ਕਤੀ ਸੀ ਬਾਣੀ ਉਚਾਰਨ ਦੀ। ਉਹ ਬਾਣੀ ਸਤੇ ਬਲਵੰਡ ਪ੍ਰਥਾਇਕ ਵਡਿਆਈ ਦੀ ਬਖਸ਼ੀਸ਼ ਵਾਲੀ ਬਾਣੀ ਹੋਣ ਕਰ, ਸਤੇ ਬਲਵੰਡ ਦੀ ਬਾਣੀ ਦੇ ਨਾਮ ਨਾਲ ਪ੍ਰਸਿਧ ਹੋਈ, ਪਰੰਤੂ ਵਾਸਤਵ ਵਿਚ ਹੈ ਉਹ ਗੁਰਬਾਣੀ ਤੇ 'ਆਖੀ ਬਲਵੰਡ ਤਥਾ ਸਤੇ ਡੂਮ ਨੇ''। ਅਖਵਾਈ ਸਮਰਥ ਸਤਿਗੁਰੂ ਕਲਾਧਾਰੀ ਨੇ। ਨਹੀਂ ਤਾਂ ਸੱਤੇ ਬਲਵੰਡ ਦੀ ਕੀ ਸਮਰਥਾ ਸੀ 'ਕਾਠ ਕੀ ਪੁਤਰੀ ਕਹਾ ਕਰੈ ਬਪੁਰੀ, ਖਿਲਾਵਨਹਾਰੋ ਜਾਨੈ।' ਤਾਂ ਤੇ ਗੁਰ-ਕਲਾ-ਕ੍ਰਿਸ਼ਮੀ ਹੋਣ ਕਰ ਸਤੇ ਬਲਵੰਡ ਵਾਲੀ ਬਾਣੀ ਗੁਰਬਾਣੀ ਹੈ।

ਭਟਾਂ ਵਿਚ ਕੀ ਸ਼ਰਧਾ ਸਮਰਥਾ ਸੀ। ਜੁਗ-ਜੁਗਾਂਤ੍ਰੀ ਚੁਰਾਸੀ ਦੇ ਗੇੜ ਵਿਚ ਭਰਮਦੇ ਭਟਕਦੇ ਵੇਦ ਅਵਤਾਰੀ ਬ੍ਰਹਮੇ ਆਦਿਕ ਜੰਤ ਜੀਉੜੇ, ਕਲਿਜੁਗ ਵਿਖੇ ਜਨਮ ਧਾਰ, ਕਲਿਆਣ ਨਮਿੱਤ ਸਤਿਗੁਰੂ ਦੀ ਸ਼ਰਨ ਆਏ ਤਾਂ

ਸਤਿਗੁਰੂ ਨੇ ਪਰਮ ਕਿਰਪਾ ਧਾਰ ਉਨ੍ਹਾਂ ਦਾ ਉਧਾਰ ਕੀਤਾ। ਨਾ ਸਿਰਫ ਉਧਾਰ ਹੀ ਕੀਤਾ, ਬਲਕਿ ਧੁਰ ਹੁਕਮ ਰਜਾਈ ਲੀਲ੍ਹਾ ਚਲਤ ਵਰਤਾਇ ਕੇ ਜੁਗ ਪ੍ਰਯੰਤ ਕਾਇਮ ਰਹਿਣ ਵਾਲੀ, ਗੁਰ-ਕਲਾ-ਕ੍ਰਿਸ਼ਮੀ ਨਜ਼ੀਰ ਖੜੀ ਕਰ ਲਈ, ਉਨ੍ਹਾਂ ਦੇ ਮੁਖੋਂ, ਹਾਂ ਜੀ ਉਨ੍ਹਾਂ ਦੇ ਨਵ-ਜਿੰਦ-ਜੀਵਨੀ ਮੁਖ ਤੋਂ ਅੰਮ੍ਰਿਤ ਬਾਣੀ ਦਾ ਸੋਮਾ ਸਰਸ਼ਾਰ ਕਰਾਇਆ। ਇਸ ਬਿਧਿ ਜੋਤਿ-ਜੁਗਤੀ-ਕਲਾ-ਕਉਤਕ ਦੁਆਰਾ ਭੱਟਾਂ ਦੇ ਅਟਾਂ ਵਿਚੋਂ ਸਫੁਟ ਹੋਈ ਬਾਣੀ, ਅੰਮ੍ਰਿਤ ਬਾਣੀ ਗੁਰਬਾਣੀ ਹੈ, ਨਾ ਕਿ ਭਟਾਂ ਦੀ ਉਚਾਰਨ ਕੀਤੀ ਹੋਈ ਭਟ-ਬਿਉਂਤ ਬਾਣੀ। ਬਪੁੜੇ ਭਟ ਤਾਂ ਨਿਰੀਆਂ ਕਾਠ ਦੀਆਂ ਪੁਤਲੀਆਂ ਹੀ ਸਨ। ਜੰਤ ਬਜਾਵਨਹਾਰੇ ਜੰਤ੍ਰੀ ਗੁਰੂ ਸਮਰੱਥ ਆਪ ਸਨ। ਜੰਤਰ ਕਲਾ ਗੁਰੂ ਕੀ ਸ੍ਵੈ-ਕਉਤਕੀ ਨਿਜ ਵਰਤਾਈ ਹੋਈ ਕਲਾ ਸੀ। ਭੱਟਾਂ ਦੀ ਸੁਰਤੀ ਬਿਰਤੀ ਨੂੰ ਬ੍ਰਹਮਾ-ਕਾਰ ਕਰ ਸਤਿਗੁਰੂ ਸਮਰਥਾ-ਵਾਨ ਨੇ ਹੁਕਮ ਅਕਾਲ, ਕਲਾ ਕਉਤਕੀ ਚਲਿਤ ਇਹ ਵਰਤਾਇਆ ਕਿ ਭਟਾਂ ਦੇ ਮੁਖ ਦੁਆਰਾ ਸੁਧਾ-ਸਰੀ ਬਾਣੀ ਦਾ ਅੰਮ੍ਰਿਤ ਫੁਹਾਰਾ ਚਲਵਾਇਆ। ਇਸ ਬਿਧਿ ਭਟਾਂ ਦੀ ਬਾਣੀ ਗੁਰਬਾਣੀ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਅਵਤਰੀ।

ਸਤਿਗੁਰੂ ਨੇ ਸਤਿਨਾਮ ਦਾ ਚਕਰ ਫਿਰਾਇਆ ਹੈ ਅਤੇ ਗੁਰੂ ਰੂਪ ਸਮਗਰ ਬਾਣੀ ਨੇ ਭੀ ਸਤਿਨਾਮ ਹੀ ਦ੍ਰਿੜ੍ਹਾਇਆ ਹੈ। ਗੁਰਬਾਣੀ ਤੋਂ ਭਿੰਨ ਇਤਰ (ਹੋਰ) ਬਾਣੀਆਂ ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਅਵਤਰੀ ਗੁਰੂ ਬਾਣੀ ਰੂਪ ਭਗਤ ਬਾਣੀ ਤੋਂ ਭਿੰਨ ਭਗਤਾਂ ਰਚਿਤ ਆਨ (ਹੋਰ) ਬਾਣੀਆਂ ਨੇ ਸਤਿਨਾਮ ਨਹੀਂ ਦ੍ਰਿੜ੍ਹਾਇਆ, ਕ੍ਰਿਤਮ ਨਾਮਾਂ ਨੂੰ ਉਪਦੇਸ਼ਿਆ ਹੈ। ਅਤੇ ਸਤਿਗੁਰ ਦੀਖਿਆ ਰਹਿਤ ਭਗਤ ਜਨਾਂ ਨੇ ਸਤਿਨਾਮ ਦਾ ਚਕਰ ਨਹੀਂ ਫਿਰਾਇਆ, ਕ੍ਰਿਤਮ ਨਾਮਾਂ ਦਾ ਰਟਨ ਕਰਾਇਆ ਹੈ। ਹੁਣ ਰਹੀ ਗੱਲ ਇਹ ਕਿ ਕ੍ਰਿਤਮ ਨਾਮ ਸਤਿਨਾਮ ਤੁਲ ਕਲਿਆਣਕਾਰੀ ਹਨ ਯਾ ਨਹੀਂ ? ਇਹ ਇਕ ਵਖਰਾ ਚੈਪਟਰ (ਅਧਿਆਇ) ਹੈ। ਇਸ ਗੱਲ ਦੇ ਸਪੱਸ਼ਟ ਕਰਨ ਲਈ ਇਕ ਵਖਰੇ ਤੇ ਲੰਬੇ ਲੇਖ ਦੀ ਲੋੜ ਹੈ, ਪ੍ਰੰਤੂ ਇਥੇ ਇਤਨਾ ਲਿਖ ਦੇਣਾ ਪਰਮ ਜ਼ਰੂਰੀ ਹੈ ਕਿ ਮੁਕਤ ਮਾਰਗ ਲਈ, ਅਪ੍ਰੋਖਸ਼ ਗਿਆਨ ਲਈ ਕਰਮ ਕਾਂਡ ਤੇ ਨਾਨਾ ਪ੍ਰਕਾਰ ਦੀਆਂ ਫਿਲਾਸਫੀਆਂ ਨਾਲੋਂ ਕ੍ਰਿਤਮ ਨਾਮ ਦਾ ਅਭਿਆਸ ਭੀ ਲਖ ਦਰਜੇ ਗੁਣ-ਕਾਰੀ ਹੈ; ਚਾਹੇ ਸਤਿਨਾਮ ਦੀ ਕਲਿਆਣ-ਕਲਾ ਦੇ ਤੁਲ ਨਹੀਂ, ਪਰੰਤੂ ਭਗਤੀ ਮਾਰਗ ਦਾ ਮਰਕਜ਼ੀ ਨੀਸਾਣ ਹੋਣ ਕਰ ਕ੍ਰਿਤਮ ਨਾਮ ਭਗਤਿ ਕਲਾ ਉਪਜਾਇਕ ਅਤੇ ਭਗਤਿ ਉਪਾਸ਼ਯ ਦੇ ਨਿਕਟ ਲੈ ਜਾਣ ਨੂੰ ਆਨ ਕਰਮਾਂ ਧਰਮਾਂ ਨਾਲੋਂ ਕਈ ਗੁਣਾ ਅਧਿਕ ਸਹਾਈ ਹੈ। ਇਸੇ ਵਿਸ਼ੇ ਦਾ ਵਿਸਥਾਰ ਸਹਿਤ ਨਿਰਣਾ ਕਰਨ ਲਈ ਵਖਰਾ ਲੇਖ ਲਿਖਣਾ ਲਾਭ-ਦਾਇਕ ਹੋਵੇਗਾ, ਸੋ ਕਿਸੇ ਗੁਰੂ ਪ੍ਰੇਰੇ ਸਮੇਂ ਅਨੁਸਾਰ ਇਸ ਨੂੰ ਭੀ ਲਿਖਾਂਗੇ। ['ਗੁਰਮਤਿ ਲੇਖ' ਪੁਸਤਕ ਵਿਚੋਂ

# ਜ਼ਾਹਰ ਜ਼ਹੂਰ ਗੁਰੂ ਗੋਬਿੰਦ ਸਿੰਘ

ਨੈਣ ਮਿਚ ਰਹੇ ਪਿਖ ਝਲਕ ਜ਼ਹੂਰ ਨੂਰ,
ਖਿਚ ਰਹੀ ਘਟਿ ਤਸਵੀਰ ਅਕਸੀਰੜੀ[1]।
ਅਖੀਆਂ ਉਘੜੀਆਂ ਨ ਮੁੜੀਆਂ ਸੁਰਤਿ ਲਿਵਾਂ,
ਜਗ ਰਹੀ ਤਾੜੀ ਜੋਤਿ ਰਸਕ ਰਸੀਰੜੀ।
ਪੂਰ ਰਹੀ ਦਿਬ ਜੋਤਿ ਨਭ[2] ਅਤੇ ਨਾਭ ਵਿਖੇ,
ਅਧਿਭੁਤ ਝਾਰੀ[3] ਰਸ ਜੋਤਿ ਬਿਸਮੀਰੜੀ[4]।
ਰਸੀਆ ਰੀਸਾਲੂ ਝਾਲੂ ਰਮਿ ਸੇਜੜੀ ਤੇ ਭੋਗ ਲਾਵੇ,
ਆਤਮ-ਅਨੰਦ ਭੋਗ ਗਤਿ ਅਜਬੀਰੜੀ ॥੧॥

ਆਤਮ ਸੰਜੋਗ ਭੋਗ ਸਿਖਨ ਸੁਰਾਗ ਭਾਗ,
ਅਮੀ[5] ਅੰਸ ਜਾਗ ਲਾਇ ਤੇਜ ਵਿਦਤਾਏ[6] ਹੈਂ।
ਸਰਧਨ ਸਰਧਾਲੂ ਜੋਤਿ ਜਗਤ ਜਗਾਲੂ[7] ਜਨਾਂ,
ਸਨਮੁਖ ਹੋਇ ਦਿਬ ਦਰਸ ਦਿਖਾਏ ਹੈਂ।
ਰਾਵਲ[8] ਰੀਸਾਲੂ ਜਲਵੇਸ਼ ਸੁੰਦਰੇਸ਼ ਸਰੂਪ,
ਜੋਤਿ ਪ੍ਰਚੰਡ ਕਰਿ ਆਪੇ ਪ੍ਰਗਟਾਏ ਹੈਂ।
ਗੁਰਮੁਖ ਅਨਿੰਨ ਸਿਖਨ ਕੇ ਰਿਦੇ ਮਝਾਰ,
ਧਾਰਿ ਅਵਤਾਰ ਕਲਗੇਸ਼ ਗੁਰ ਆਏ ਹੈਂ ॥੨॥

[ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕ 'ਦਰਸ਼ਨ ਝਲਕਾਂ' ਵਿਚੋਂ

੧. ਅੰਮ੍ਰਿਤ ਰੂਪ। ੨. ਦਸਮ ਦੁਆਰ। ੩. ਝਰਨਾ। ੪. ਵਿਸਮਾਦੀ। ੫. ਅੰਮ੍ਰਿਤ। ੬. ਪ੍ਰਗਟਾਉਣਾ। ੭. ਜਗਾਉਣਹਾਰਾ। ੮. ਯੋਗੀ।



www.AKJ.Org

# ਅਕਾਲ ਪੁਰਖ ਦੀ ਦਰਗਾਹ (੪)

[ਵਲੋਂ—ਗੁਰਪੁਰਿ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਜਿਨ੍ਹਾਂ ਗੁਰਮੁਖਾਂ ਨੂੰ ਸੱਚਾ ਪਾਤਸ਼ਾਹ ਆਪਿ ਨਾਮ ਦੀ ਸਚੀ ਵਡਿਆਈ ਬਖ਼ਸ਼ਦਾ ਹੈ, ਸੋਈ ਜਨ ਸਚੀ ਦਰਗਾਹੇ ਸਚਿਆਰ ਜਾਣੇ ਜਾਂਦੇ ਹਨ। ਜਿਸ ਸਚਿਆਰ ਸਿਖ ਨੂੰ ਵਾਹਿਗੁਰੂ ਆਪ ਸਚੜਾ ਗੁਰਮਤਿ ਮਾਰਗ ਬੁਝਾਉਂਦਾ ਸੁਝਾਉਂਦਾ ਹੈ, ਗੁਰਮਤਿ ਨਾਮ-ਕਮਾਈਆਂ ਵਿਚ ਲਾਉਂਦਾ ਹੈ ਉਸ ਨੂੰ ਸਚੀ ਦਰਗਾਹ ਅੰਦਰ ਸਦਾ ਹੀ ਸੱਚੜਾ ਮਾਨ ਪ੍ਰਾਪਤਿ ਹੁੰਦਾ ਹੈ। ਯਥਾ ਗੁਰਵਾਕ:—

ਜਿਨਾ ਆਪੇ ਗੁਰਮੁਖਿ ਦੇ ਵਡਿਆਈ, ਸੇ ਜਨ ਸਚੀ ਦਰਗਹਿ ਜਾਣੇ ॥ (੫੫੩)

ਜਿਸ ਨੋ ਗੁਰਮੁਖਿ ਆਪਿ ਬੁਝਾਏ, ਸੋ ਸਦ ਹੀ ਦਰਗਹਿ ਪਾਏ ਮਾਨੁ ॥ (੫੫੪)

ਦੇਖੋ! ਸਤਿਗੁਰੂ ਦੀ ਦ੍ਰਿੜ੍ਹਾਈ ਸਚੀ ਕਾਰ ਕਮਾਵਣਹਾਰਿਆਂ ਦਾ ਅੱਗਾ ਇਸ ਅਗਲੇਰੇ ਵਾਕ ਅੰਦਰਿ ਕੈਸਾ ਸੁੰਦ੍ਰਾਵਲਾ ਦਸਾਇਆ ਦਰਸਾਇਆ ਗਇਆ ਹੈ।

ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ ॥ ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ ॥ ਸਾਹਿਬੁ ਸਦਾ ਹਜੂਰ ਹੈ ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ ॥ ਹਰਿ ਕਾ ਨਾਮੁ ਅੰਮ੍ਰਿਤੁ ਹੈ, ਦਾਰੂ ਏਹੁ ਲਾਏਹੁ ॥ ਸਤਿਗੁਰ ਕਾ ਭਾਣਾ ਚਿਤਿ ਰਖਹੁ, ਸੰਜਮੁ ਸਚਾ ਨੇਹੁ ॥ ਨਾਨਕ ਐਥੈ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ ॥

[ਮ: ੩, ੫੫੪

ਇਸ ਗੁਰਵਾਕ ਦਾ ਸਪੱਸ਼ਟ ਭਾਵ ਹੈ ਕਿ ਜਿਨ੍ਹਾਂ ਗੁਰਮੁਖਾ ਗੁਰਸਿਖਾਂ ਨੇ ਸਤਿਗੁਰੂ ਦੀ ਫੁਰਮਾਈ ਇਹ ਕਾਰ ਕਮਾਈ ਹੈ, ਪਹਿਲਾਂ ਗੁਰੂ-ਦੁਆਰੇ ਹਾਜ਼ਰ ਹੋਇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਪਾਨ ਕਰਿ ਗੁਰੂ-ਦੀਖਿਆ-ਮਈ ਗੁਰਮੰਤ੍ਰ ਲਿਆ ਅਤੇ ਗੁਰਮੰਤ੍ਰ ਲੈ ਕੇ ਸਾਹਿਬ ਸੰਮਾਲਿਆ ਹੈ, ਸੰਮਾਲਨ ਕਰਿ ਕਲਾਧਾਰੀ ਗੁਰੂ-ਸਰੂਪ ਪੰਜਾਂ ਪਿਆਰਿਆਂ ਨੇ ਅੰਮ੍ਰਿਤ ਛਕਣਹਾਰਿਆਂ ਦੇ ਅੰਤਰਿ ਜੋਤ ਪ੍ਰਕਾਸ਼ ਕਰ ਕੇ ਸਾਹਿਬ ਸਚਾ ਪਾਤਸਾਹੁ ਸਦ ਹਜ਼ੂਰ ਦਿਖਾਲਿਆ ਹੈ ਅਤੇ ਸਰਬ ਦਾਰੂਆਂ ਸਿਰਿ ਦਾਰੂ-ਮਈ ਸੁਖ ਜੀਵਨੀ ਅੰਮ੍ਰਿਤ ਪਿਆਲਾ ਪਿਆਲਿਆ ਹੈ ਅਤੇ ਨੇਹ ਸੰਜਮੀ ਸਚਾ ਭਾਣਾ ਮਿਠਾ ਕਰਿ ਮਨਾਇਆ ਹੈ, ਗੁਰੂ ਨਾਨਕ ਸਾਹਿਬ ਸਚੀ ਸਾਖਾ ਭਰਦੇ ਹਨ ਕਿ ਤਿਨ੍ਹਾਂ ਦਰਿ-ਪਰਵਾਨ ਪਏ ਗੁਰਮੁਖ ਜਨਾਂ ਨੂੰ ਸਚਾ ਪਾਤਸ਼ਾਹ ਵਾਹਿਗੁਰੂ ਆਪਣੀ ਨਦਰ ਮੇਹਰ ਕਰਿ "ਐਥੈ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ ॥" ਦੇ ਗੁਰ-ਸਿੱਟੇ ਅਨੁਸਾਰ ਐਥੈ (ਇਸ ਲੋਕ ਵਿਖੇ) ਅੰਮ੍ਰਿਤ ਸੁਖ ਸਹਜਤਾ ਅੰਦਰਿ ਰਖਦਾ ਹੈ ਅਤੇ ਅਗੈ (ਅਗਲੇ ਲੋਕ ਵਿਖੇ) ਪਰਮਾਤਮਾ ਸੰਗਿ ਮੇਲ ਕੇਲ ਰੰਗ-ਰਲੀਆਂ ਮਾਨਣ ਦਾ ਪ੍ਰੇਮ ਅਧਿਕਾਰੀ ਬਣਾਉਂਦਾ ਹੈ। ਕੈਸਾ ਸੋਹਣਾ ਅੱਗਾ ਗੁਰਮੁਖ ਨਾਮ-ਕਮਾਈ ਵਾਲਿਆਂ ਦਾ ਇਸ ਉਪਰਲੇ ਗੁਰਵਾਕ ਦੀ ਰੌਸ਼ਨੀ ਵਿਚ ਨਿਖਰਿਆ ਹੈ। ਅਗਲਾ ਗੁਰਵਾਕ 'ਅੱਗੇ' ਦੇ ਵਰਤਾਰੇ ਦੀ ਨਿਰਸੰਦੇਹਤਾ ਇਸ ਬਿਧਿ ਨਿਸਚੇ ਕਰਾਉਂਦਾ ਹੈ —

ਹਉਮੈ ਵਿਚਿ ਜਗਤੁ ਮੁਆ, ਮਰਦੋ ਮਰਦਾ ਜਾਇ ॥ ਜਿਚਰੁ ਵਿਚਿ ਦੰਮੁ ਹੈ, ਤਿਚਰੁ ਨ ਚੇਤਈ, ਕਿ ਕਰੇਗੁ ਅਗੈ ਜਾਇ ॥ ਗਿਆਨੀ ਹੋਇ ਸੁ ਚੇਤੰਨੁ ਹੋਇ, ਅਗਿਆਨੀ ਅੰਧੁ ਕਮਾਇ ॥ ਨਾਨਕ ਏਥੈ ਕਮਾਵੈ ਸੋ ਮਿਲੈ, ਅਗੈ ਪਾਏ ਜਾਇ ॥ [ਸਲੋਕ ਮ: ੩, ੫੫੫

ਨਾਮੋਂ ਘੁਥਾ ਜਗ, ਸਾਰਾ ਜਗਤ ਹੀ ਹਉਮੈ ਵਿਚ ਬਫਾਇ ਬਫਾਇ ਅਧਮੋਇਆ ਹੁਇ ਹੁਇ ਮਰਦਾ ਹੈ, ਖਿਨ ਖਿਨ ਨਵੀਂ, ਨਿਤ ਨਵੀਂ ਮਰਨੀ ਮਰਦਾ ਹੈ ਅਤੇ ਮਰਦੋ ਮਰਦਾ ਹੀ ਚਲਿਆ ਜਾਂਦਾ, ਅਰਥਾਤ ਜਨਮ ਬਤੀਤ ਕਰਦਾ ਹੈ। ਜਿੰਨਾ ਚਿਰ ਜਗਤ ਮੁਏ ਸੰਸਾਰੀ ਬੰਦਿਆਂ ਅੰਦਰਿ ਜ਼ਿੰਦਗੀ ਦਾ ਸਾਹੁ (ਦੰਮ) ਵਗਦਾ ਹੈ, ਉਤਨਾ ਚਿਰ ਤਾਂ ਵਾਹਿਗੁਰੂ ਨਾਮ ਦਾ ਸਿਮਰਨ ਭਜਨ ਇਕ ਨਿਮਖ ਮਾਤਰ ਭੀ ਜਗਤ-ਬੰਧਨੀ ਸੰਸਾਰੀ ਬੰਦਿਆਂ ਤੋਂ ਹੁੰਦਾ ਨਹੀਂ। ਤਿਨ੍ਹਾਂ ਦੀ ਸਾਰੀ ਜ਼ਿੰਦਗੀ, ਮਨੁੱਖ ਜੀਵਨ ਜਨਮ ਯਾਤਰਾ ਦੇ ਸਾਰੇ ਦੰਮ (ਸੁਆਸ) ਬਿਰਥੇ ਜਾਂਦੇ

www.AKJ.Org

ਹਨ (ਨਾਮ ਬਿਹੂਨੜੇ ਹੋਣ ਕਰਕੇ) । ਜਦੋਂ ਦੰਮ (ਸੁਆਸ) ਤਨ ਸਰੀਰੋਂ ਨਿਕਲ ਗਿਆ ਤਾਂ ਫੇਰ ਹਉਮੈ-ਅਗਨ ਕਰਿ ਜਲੰਦਾ ਜਗਤ, ਸੰਸਾਰੀ ਬੰਦਾ ਅਗੇ ਜਾ ਕੇ ਕੀ ਕਰੇਗਾ ? ਕੀ ਕਰਨਾ ਸੀ, ਹੱਥ ਮਰੋੜੇਗਾ ਤੇ ਸਿਰ ਧੁਨੇਗਾ । ਆਪਣਾ ਕੀਤਾ ਪਾਵੇਗਾ ਤੇ ਮੂਹੋ-ਮੁਹਿ ਚੋਟਾਂ ਖਾਵੇਗਾ । ਸਚੇ ਗੁਰ-ਗਿਆਨ ਵੀਚਾਰ ਵਾਲੇ ਬੰਦੇ ਤਾਂ ਸੁਚਿਆਰਤਾ ਸਹਿਤ ਚੇਤੰਨ ਸਾਵਧਾਨ ਹੋ ਕੇ ਆਪਣਾ ਸਮਾਂ ਸੰਮਾਲ ਲੈਂਦੇ ਹਨ ਅਤੇ ਸੁਚੇਤ ਹੋ ਕੇ ਵਰਤਦੇ ਹਨ ਆਪਣੇ ਸੁਆਸਾਂ ਦੰਮਾਂ ਨੂੰ । ਅਗਿਆਨੀ ਅੰਧਲੇ ਗੁਰਮਤਿ-ਗਿਆਨ ਤੋਂ ਘੁਥੇ ਹੋਏ ਅੰਧ ਹੀ ਕਮਾਵੰਦੇ ਰਹਿੰਦੇ ਹਨ ਅਤੇ 'ਸਹੁ ਵੇ ਜੀਆ ਅਪਣਾ ਕੀਆ" ਵਾਲਾ ਖਮਿਆਜ਼ਾ ਭੁਗਤਦੇ ਹਨ । ਓੜਕ ਗੁਰੂ ਨਾਨਕ ਸਾਹਿਬ ਨਿਖਰਵਾਂ ਫ਼ੈਸਲਾ ਦਿੰਦੇ ਹਨ—'ਨਾਨਕ ਏਥੈ ਕਮਾਵੈ ਸੋ ਮਿਲੈ, ਅਗੈ ਪਾਏ ਜਾਇ", ਜੇਵੇਹੇ ਕਰਮ ਕਰਮਾਚਾਰੀ ਲੋਕ ਏਥੇ (ਇਸ ਲੋਕ ਅੰਦਰ) ਕਮਾਵੰਦੇ ਹਨ ਤੇਵੇਹਾ ਫਲ ਹੀ ਉਹ ਅਗੈ (ਅਗਲੇ ਲੋਕ ਵਿਖੇ) ਜਾਇ ਕੈ ਪਾਉਂਦੇ ਹਨ । ਇਸ ਵਿਚ ਰੰਚਕ ਭੀ ਸੰਦੇਹ ਨਹੀਂ । ਕੈਸਾ ਅੱਗਾ ਸਿਧ ਹੋਇਆ । ਅੱਗਾ ਹੀ ਨਹੀਂ, ਅਗੇ ਦਾ ਫਲ ਭੀ ਸਿਧ ਹੋ ਗਿਆ । ਤਾਂਤੇ ਅੱਗੇ ਦਾ ਇਨਕਾਰ ਸਭ ਬਾਦ ਬਫਾਰ ਹੀ ਹੈ । ਬੇਕਾਰੀ ਲੋਕਾਂ ਦਾ ਅਗਿਆਨ ਅੰਧਾਰੀ ਕੂੜਾ ਨਿਸਚਾ ਅੱਗੇ ਨੂੰ ਭਰਮ ਭਰਾਤੀ ਹੀ ਸਮਝਦਾ ਹੈ । ਭਰਮ-ਭੁਲੀ ਲੁਕਾਈ ਅੱਗੇ ਨੂੰ ਕੁਝ ਸਮਝਦੀ ਹੀ ਨਹੀਂ । ਅੱਗਾ ਸੱਚ ਹੈ । ਸਚ ਹੋਂਦ ਹਸਤੀਆ ਹੈ ਅੱਗਾ । ਅਗਲਾ ਲੋਕ ਇਵੇਹਾ ਹੀ ਸੱਚ ਹੈ ਜਿਵੇਹਾ ਕਿ ਇਹ ਲੋਕ ਸਚ ਹੈ । ਸਚਿਆਰ ਗੁਰਸਿਖ ਤਾਂ ਇਸ ਅੱਗੇ ਦੇ ਹਸਤ ਹੋਂਦੀਏ ਸਚ ਤੋਂ ਸਿਰ ਫੇਰ ਹੀ ਨਹੀਂ ਸਕਦੇ, ਪਰ ਇਸ ਸੰਸਾਰ ਅੰਦਰ ਨਾਮ ਮਾਤਰੀਏ ਅਖਉਤੀ ਸਿਖ ਅਨਗਿਣਤ ਹਨ, ਜੋ ਗੁਰੂ ਕੇ ਸਿਖ ਸਦਾਉਂਦੇ ਹੋਏ ਭੀ ਅੱਗੇ ਨੂੰ ਨਹੀਂ ਮੰਨਦੇ । ਇਹੀ ਕਾਰਨ ਹੈ ਕਿ ਅੱਗੇ ਦੇ ਡਰ ਤੋਂ ਨਿਡਰ ਹੋ ਕੇ, ਅੱਗੇ ਦੇ ਭੈ ਤੋਂ ਨਿਰਭੈ ਹੋ ਕੇ, ਅਨਿਕ ਪ੍ਰਕਾਰੀ ਵਿਕਾਰੀ ਕਰਮ ਕਮਾਉਂਦੇ ਹਨ ਅਤੇ ਆਪਣੇ ਮਨੁਖਾ ਜਨਮ ਦੀ ਪੂੰਜੀ ਨੂੰ ਆਪਣੇ ਹੱਥੀਂ ਲਾਂਬੂ ਲੂਤੀ ਲਾਉਂਦੇ ਹਨ ਤੇ ਸੜ ਕੇ ਦਗਧ ਹੋ ਕੇ ਮਰ ਜਾਂਦੇ ਹਨ ਤੇ ਅਗੇ ਜਾ ਕੇ ਸੜਨ ਬਲਣ ਦੀਆਂ ਅਨੇਕਾਂ ਬਿਕਟ ਸਜਾਈਆਂ ਭੁਗਤਦੇ ਹਨ । ਬੇਕਾਰੀ ਅਚਾਰ ਵਾਲੀਆਂ ਸੜਾਂਦ ਵਿਚ ਸੜ ਰਹੀਆਂ ਅਨਿਕ ਜਿੰਦੜੀਆਂ ਵੇਕਾਰਾਂ ਵਾਲੇ ਸੀਂਗਾਰ ਬਣਾਇ ਬਣਾਇ ਆਪਣੇ ਅੱਗੇ ਨੂੰ ਖੀਨ ਖਰਾਬ ਕਰਦੀਆਂ ਹਨ । ਤਿਨ੍ਹਾਂ ਦੇ ਸੀਂਗਾਰ ਦੇ ਕੂੜਾਵੇ ਸੁਹੱਪਣ ਏਥੇ ਦੇ ਏਥੇ ਹੀ ਰਹਿ ਜਾਣੇ ਹਨ, ਅਗੇ ਕਿਸੇ ਨੇ ਨਹੀਂ ਪੁਛਣੇ । ਕੂੜਾਵੇ ਸੀਂਗਾਰ ਬਨਾਵਣ-ਹਾਰੀਆਂ ਅਨਮਤੀ ਔਰਤਾਂ ਦੀ ਰੀਸੇ ਗੁਰਮੁਖੀਆਂ ਦੀ ਰਹਿਣੀ ਬਹਿਣੀ ਨੂੰ ਤਿਲਾਂਜਲੀ ਦੇਣ-ਹਾਰੀਆਂ ਨਵ-ਫ਼ੈਸ਼ਨ ਸੀਂਗਾਰਨਾਂ ਪ੍ਰਥਾਇ ਕਿਆ ਸੋਹਣਾ ਇਹ ਅਗਲੇਰਾ ਗੁਰਵਾਕ ਘਟਦਾ ਹੈ—

> ਮਾਠਿ ਗੁੰਦਾਈ ਪਟੀਆ, ਭਰੀਐ ਮਾਂਗ ਸੰਧੂਰੇ ॥
> ਅਗੈ ਗਈ ਨ ਮੰਨੀਆ, ਮਰਉ ਵਿਸੂਰਿ ਵਿਸੂਰੇ ॥ [ਵਡਹੰਸ ਮ: ੧, ੫੫੮

ਗੁਰਸਿਖ ਗੁਰਮੁਖ ਭੁਜੰਗਣਾਂ ਵਾਲਾ ਗੁਰਮੁਖੀ ਸਾਦਾ-ਵੇਸ 'ਸਾਬਤ ਸੂਰਤਿ ਦਸਤਾਰ ਸਿਰਾ' ਦਾ ਖ਼ਾਲਸਈ ਪਹਿਰਾਵਾ ਛਡ ਕੇ ਅਨਮਤਣਾਂ ਦੀ ਰੀਸੇ ਕੁਰੀਸੇ ਅਜ ਕਲ ਸਿਰ ਦੇ ਕੇਸਾਂ ਦੀਆਂ ਪਟੀਆਂ ਗੁੰਦਣਾ, ਟੇਢੇ ਚੀਰ ਕਢਣ ਦਾ ਕੁਫੈਸ਼ਨ ਜੋ ਤੁਰਿਆ ਹੈ ਅਤੇ ਚੀਰਮੀਆਂ ਵਿਚ ਸੰਧੂਰ ਭਰਨ ਦਾ ਹੋਛਾ ਸੀਂਗਾਰ ਜੋ ਪਰਚੁਰ ਹੋਇਆ ਹੈ, ਸੋ ਸਭ ਰਸਾਤਲ ਨੂੰ ਲੈ ਜਾਣ ਵਾਲਾ ਸੌਦਾ ਹੈ । ਸਤਿਗੁਰੂ ਫ਼ੁਰਮਾਨ ਨੇ ਸਾਫ਼ ਦਸਿਆ ਹੈ ਕਿ ਐਸੇ ਹੋਛੇ ਸੀਂਗਾਰ ਬਣਾਉਣਹਾਰੀਆਂ ਸਭ ਝੂਰ ਝੂਰ ਵਿਸੂਰ ਵਿਸੂਰ ਕੇ ਮਰਨਗੀਆਂ ਅਤੇ ਅਗੇ (ਅਗਲੇ ਲੋਕ ਵਿਚ) ਗਈਆਂ ਦੀ ਪੁਛ-ਪਰਤੀਤ ਨਹੀਂ ਹੋਣੀ । ਜੇਕਰ ਗੁਰਮਤਿ ਦਰਸਾਏ ਬੁਝਾਇ ਦ੍ਰਿੜ੍ਹਾਇ ਅੱਗੇ ਦਾ ਖ਼ੌਫ਼ ਹੋਵੇ ਤਾਂ ਇਹ ਕੂੜ ਸੀਂਗਾਰੜੀ ਬਿਗੜ ਫ਼ੈਸ਼ਨੜੀ ਸਿਖ ਘਰਾਣਿਆਂ ਦੀ ਗੁਰਸਿਖਣੀਆਂ ਸਦਵਾਉਣ-ਹਾਰੀਆਂ ਜ਼ਨਾਨੜੀਆਂ ਕਦੇ ਭੀ 'ਅੱਗੇ' ਨੂੰ ਕਲੰਕਤ ਨਾ ਕਰਨ । ਅੱਗੇ ਦੀ ਹੋਂਦ ਤੋਂ ਬੇਖ਼ੌਫ਼ੀ, ਅਗੇ ਦੀ ਮਨੌਤ ਤੋਂ ਆਕੀ ਹੋਣਾ ਮੁਜੱਸਮ ਬਦ-ਇਖ਼ਲਾਕੀ ਦੀ ਗੰਦੀ ਖ਼ੰਦਕ ਵਿਚ ਰੁੜ੍ਹਨਾ ਹੈ । ਅੱਗੇ ਤੋਂ ਖ਼ੌਫ਼ ਹੀਣ ਹੋਣ ਦੀ ਕੁਧੱਤ, ਬਦ-ਇਖ਼ਲਾਕੀ ਦੀ ਅਗਨ ਵਿਚ ਸੜਨ ਵਾਲੇ ਜੀਵਨ ਇਸ ਲੋਕ ਵਿਖੇ ਹੀ ਐਸੇ ਖੀਨ ਖੁਆਰ ਹੁੰਦੇ ਡਿਠੇ (ਦੇਖੇ ਗਏ) ਹਨ ਕਿ ਉਹਨਾਂ ਜੀਵਨ ਜੀਵਨਾਣੂ ਮਾਣੂਆਂ ਦੀ ਭਰੀ ਜੁਆਨੀ


www.AKJ.Org

ਹੀ ਰਿਝ ਕਰਿਝਨੀ ਗਲੀ ਪਲੀ ਸੜਾਂਦ, ਅਵਾਇਲ ਉਮਰ ਵਿਚ ਹੀ ਨਮੂਦਾਰ ਹੋਇ ਆਂਵਦੀ ਹੈ। ਅਗਲੀ ਪਰਲੋਕੀ ਦੁਨੀਆ ਅੰਦਰ ਜੋ ਹਾਲ ਹੋਵੇਗਾ ਸੋ ਅਗੇ ਜਾ ਕੇ ਭੁਗਤਿਆਂ ਹੀ ਪਤਾ ਲਗੇਗਾ। ਜੈਸਾ ਕਿ ਅਗਲੇ ਗੁਰਵਾਕ ਦਾ ਭਾਵ ਹੈ:—

ਦੋਹਾਗਣੀ ਖਰੀਆ ਬਿਲਲਾਦੀਆ, ਤਿਨਾ ਮਹਲੁ ਨ ਪਾਇ ॥ ਦੂਜੈ ਭਾਇ ਕਰੂਪੀ ਦੂਖੁ ਪਾਵਹਿ ਆਗੈ ਜਾਇ ॥ [ਵਡਹੰਸ ਮ: ੩, ੫੫੯

ਪਿਰੀ ਪ੍ਰੀਤਮ ਵਾਹਿਗੁਰੂ ਦੀ ਪ੍ਰਾਪਤੀ-ਜੋਗ ਗੁਰਮਤਿ ਦਰਸਾਏ ਸਚੜੇ ਸੁਹਾਗ-ਸੀਂਗਾਰ ਤੋਂ ਖੁਥੜੀਆਂ ਹੋਈਆਂ ਅਤੇ ਬਿਭਚਾਰ ਸੀਂਗਾਰ ਵਿਚ ਲੁਥੜੀਆਂ ਹੋਈਆਂ ਦੋਹਾਗਣੀਆਂ, ਐਥੇ ਓਥੈ, ਇਸ ਲੋਕ ਅਤੇ ਅਗਲੇ ਲੋਕ (ਪ੍ਰਲੋਕ) ਵਿਖੇ ਖਰੀਆਂ ਬਿਲਲਾਂਦੀਆਂ ਬੇ-ਹੱਦਾ ਵਿਰਲਾਪ ਕਰਦੀਆਂ, ਸਤਿਗੁਰਾਂ ਅਤੇ ਸਤਿਗੁਰੂ ਦੇ ਦਿਬ-ਦ੍ਰਿਸ਼ਟੇ ਗੁਰਸਿਖਾਂ ਸੰਤਾਂ ਭਗਤਾਂ ਗੁਰਮੁਖ ਜਨਾਂ ਨੇ ਆਪਣੇ ਅਖੀਂ ਦੇਖੀਆਂ ਹਨ। ਗੁਰੂ ਸਾਹਿਬ ਫੁਰਮਾ-ਉਂਦੇ ਹਨ ਤਿਨ੍ਹਾਂ ਨੂੰ ਪਿਰੀ ਪ੍ਰੀਤਮ ਦੇ ਸਚੇ ਮਹਿਲ ਦੀ ਪ੍ਰਾਪਤੀ ਕਦਾਚਿਤ ਨਹੀਂ ਹੁੰਦੀ, ਨਾ ਹੋਣੀ ਹੈ। ਦੂਜੇ ਭਾਇ ਦੇ ਦੋਹਾਗਣੀਆਂ ਵਾਲੇ ਵਿਭਚਾਰ ਵਾਲੇ ਭੜਕ-ਭੜਕਾਵੇ ਸੀਂਗਾਰ, ਰੂਪ ਜੋਬਨ ਨੂੰ ਸਗੋਂ ਕਰੂਪ ਕਚਲੋਂਬਨ ਵਿਚ ਪਲਟ ਦਿੰਦੇ ਹਨ। ਐਸੇ ਕੁ-ਸ਼ਿੰਗਾਰ ਸ਼ਿੰਗਾਰੀਆਂ ਕਰੂਪਣੀਆਂ ਦੋਹਾਗਣੀਆਂ 'ਦੂਖੁ ਪਾਵਹਿ ਆਗੈ ਜਾਇ ॥' ਅਗੈ ਚਲ ਕੇ, ਅਗਲੇ ਲੋਕ ਅਗਲੀ ਦਰਗਾਹ ਵਿਚ ਜਾ ਕੇ ਅਮਿਤਾ ਜਮ-ਜੰਦਾਰੀ ਦੁਖ ਪਾਵਣਗੀਆਂ। ਇਹ ਬਲਾ ਉਹਨਾਂ ਦੇ ਸਿਰੋਂ ਟਲਣੀ ਨਹੀਂ ਹੈ। ਇਸ ਗੱਲ ਨੂੰ ਪੱਕ-ਪਰਤੀਤ ਕਰਕੇ ਜਾਣੋ। ਅੱਗੇ ਤੋਂ ਅਵੇਸਲੇ ਮਤ ਹੋਵੋ। ਅਗੇ ਨੂੰ ਮਿਲਣ ਵਾਲੀਆਂ ਸਜਾਈਂ ਜ਼ਰੂਰ ਮਿਲਣਗੀਆਂ ਮਨਮੁਖ ਤਾਈਂ।

ਮਤ ਕੋਈ ਖ਼ਿਆਲ ਕਰੇ, ਅੱਗਾ ਹੈ ਹੀ ਨਹੀਂ ਕਿ ਅਗੇ ਚਲ ਕੇ ਲੇਖਾ ਨਹੀਂ ਹੋਣਾ। ਖੋਟੇ ਖਰੇ ਸਭ ਪਰਖੇ ਜਾਣਗੇ। ਤਿਤ ਸੱਚੇ ਦੇ ਦਰਬਾਰ ਵਿਖੇ ਖੋਟਿਆਂ ਖਰਿਆਂ ਦਾ ਸਚੋ ਸਚ ਨਿਸਤਾਰਾ ਨਿਬੇੜਾ ਹੋਵੇਗਾ। ਖੋਟੇ ਖੁਆਰ ਕਰ ਕੇ ਸੱਚੀ ਦਰਗਾਹੋਂ ਬਾਹਰਵਾਰ ਸਿਟੇ ਜਾਣਗੇ, ਨਰਕਾਂ ਵਿਚ ਉਲਟੇ ਲਟਕਾਏ ਜਾਣਗੇ। ਓਥੇ ਪਏ ਹਾਲ-ਪੁਕਾਰ ਕਰਨਗੇ, ਦੁਹਾਈਆਂ ਪਾਉਣਗੇ। ਯਥਾ ਗੁਰਵਾਕ—

ਖੋਟੇ ਖਰੇ ਸਭਿ ਪਰਖੀਅਨਿ, ਤਿਤੁ ਸਚੇ ਕੈ ਦਰਬਾਰਾ ਰਾਮ ॥ ਖੋਟੇ ਦਰਗਹ ਸੁਟੀਅਨਿ, ਊਭੇ ਕਰਨਿ ਪੁਕਾਰਾ ਰਾਮ ॥

[ਵਡਹੰਸ ਮ: ੩, ਪੰਨਾ ੫੭੦

ਅੱਗੇ ਤੋਂ ਬੇ-ਖ਼ਤਰ ਮਤ ਹੋਵੋ। ਇਉਂ ਮਤ ਸਮਝੋ ਕਿ ਅੱਗਾ-ਉੱਗਾ ਕੋਈ ਨਹੀਂ। ਇਹ ਖ਼ਿਆਲ ਕਿ ਮਰ ਕੇ ਐਥੇ ਹੀ ਮੁਕ ਜਾਣਾ ਹੈ, ਅੱਗਾ ਕੀਹਨੇ ਦੇਖਿਆ ਹੈ? ਜਿਨ੍ਹਾਂ ਸਤਿ-ਪੁਰਖ ਕਰਤਾਰ ਪਠਾਏ ਗੁਰੂ ਮਹਾਂ ਅਵਤਾਰਾਂ ਨੇ ਅੱਗੇ ਨੂੰ ਦੇਖਿਆ ਹੈ, ਉਹਨਾਂ ਤੋਂ ਵਧੇਰੀ ਗਵਾਹੀ ਅੱਗਾ ਦੇਖਣ ਦੀ ਹੋਰ ਕੀ ਹੋ ਸਕਦੀ ਹੈ? ਸਤਿਗੁਰੂ ਦੇਖੇ ਕਿਆ ਸਾਫ਼ ਨਿਰਣਾ ਇਸ ਅਗਲੇਰੇ ਵਾਕ ਅੰਦਰ ਨਿਰਣਾਉਂਦੇ ਹਨ:—

ਸਾਹਿਬੁ ਸਿਮਰਹੁ ਮੇਰੇ ਭਾਈਹੋ, ਸਭਨਾ ਏਹੁ ਪਇਆਣਾ ॥ ਏਥੈ ਧੰਧਾ ਕੂੜਾ ਚਾਰਿ ਦਿਹਾ, ਆਗੈ ਸਰਪਰ ਜਾਣਾ ॥ ਆਗੈ ਸਰਪਰ ਜਾਣਾ ਜਿਉ ਮਿਹਮਾਣਾ, ਕਾਹੇ ਗਰਬੁ ਕੀਜੈ ॥ ਜਿਤੁ ਸੇਵਿਐ ਦਰਗਹ ਸੁਖੁ ਪਾਈਐ, ਨਾਮੁ ਤਿਸੈ ਕਾ ਲੀਜੈ ॥ ਆਗੈ ਹੁਕਮੁ ਨ ਚਲੈ ਮੂਲੇ, ਸਿਰਿ ਸਿਰਿ ਕਿਆ ਵਿਹਾਣਾ ॥ ਸਾਹਿਬੁ ਸਿਮਰਿਹੁ ਮੇਰੇ ਭਾਈਹੋ, ਸਭਨਾ ਏਹੁ ਪਇਆਣਾ ॥

[ਵਡਹੰਸ ਮ: ੧, ੫੭੯

ਭਾਵ:—ਇਸ ਸੰਸਾਰ ਤੋਂ ਪਿਆਨੇ ਚਲਾਣੇ ਵਾਲਾ ਲੇਖਾ ਸਭਨਾਂ ਜੀਵਾਂ ਦੇ ਸਿਰ ਤੇ ਲਿਖਿਆ ਹੋਇਆ ਹੈ। ਸਭਨਾਂ ਹੀ ਅਵੱਸ਼ ਇਸ ਦੁਨੀਆ ਤੋਂ ਪਿਆਨੇ ਚਲਾਣੇ ਕਰਨੇ ਹਨ। ਇਸ ਗੱਲ ਨੂੰ ਸੱਚ ਦ੍ਰਿੜਾਇ ਕੇ ਗੁਰੂ ਸਾਹਿਬ ਬੜੇ ਪ੍ਰੇਮ-ਪਿਆਰ ਨਾਲ ਸਮਝਾਉਂਦੇ ਹਨ—ਹੇ ਮੇਰੇ ਭਾਈਓ! ਇਸ ਸੰਸਾਰ ਅਸਾਰ ਤੋਂ ਅਵੱਸ਼ ਚਲਾਣਾ ਪਇਆਣਾ ਹੋਣਾ ਹੈ। ਇਸ ਕਰਕੇ ਸਾਰੇ ਕੰਮ ਛਡ ਕੇ ਸਚੇ ਸਾਹਿਬ ਵਾਹਿਗੁਰੂ ਦਾ ਸਿਮਰਨ ਕਰੋ। ਜਿਸ ਜੱਗ ਮਿਲੇ ਦਾ ਤੁਸੀਂ ਗੁਮਾਨ ਕਰਦੇ ਹੋ ਅਤੇ ਕਹਿੰਦੇ ਹੋ, "ਇਹ ਜਗ ਮਿੱਠਾ ਅਗਲਾ ਕੀਹਨੇ ਡਿੱਠਾ" ਜਿਸ ਦ੍ਰਿਸ਼ਟ-ਮਾਨ ਜਗ ਨੂੰ ਦੇਖ ਕੇ ਤੁਸੀਂ ਇਸਦੇ ਧੰਧਿਆਂ ਵਿਚ


www.AKJ.Org

ਲਪਟਾਏ ਪਏ ਹੋ, ਸੋ ਇਹ ਜਗ ਭੀ ਅਤੇ ਇਸ ਜਗ ਦੇ ਧੰਧੇ ਭੀ ਕੂੜਾਵੇ ਹਨ ਅਤੇ ਚਾਰ-ਦਿਵਸੀ ਹੀ ਹਨ। ਓੜਕ ਨੂੰ ਅਗੇ ਹੀ ਸਾਰਿਆਂ ਨੇ ਜਾਣਾ ਹੈ, ਅਵੱਸ਼ ਜਾਣਾ ਹੈ, ਜਿਵੇਂ ਮਿਹਮਾਨ ਪਰਾਹੁਣੇ ਚਾਰ-ਦਿਵਸੀ ਬਸੇਰਾ ਕਰ ਕੇ ਚਲੇ ਜਾਂਦੇ ਹਨ। ਏਸੇ ਤਰ੍ਹਾਂ ਪ੍ਰਾਹੁਣਿਆਂ ਮਹਿਮਾਨਾਂ ਵਤ ਇਸ ਦੁਨੀਆ ਵਿਚ ਚਾਰ-ਦਿਵਸੀ ਪ੍ਰਾਹੁਣਚਾਰੀ ਕਰ ਕੇ ਸਭ ਨੇ ਓੜਕ ਨੂੰ ਅਗੇ ਹੀ ਚਲ ਵਸਣਾ ਹੈ। ਤਾਂਤੇ ਇਸ ਦੁਨੀਆ ਵਿਚ ਥਿਰ ਰਹਿਣਾ ਨਹੀਂ। ਇਹ ਗਰਬ ਗੁਮਾਨ ਹੀ ਦਿਲੋਂ ਦੂਰ ਕਰ ਦੇਣਾ ਚਾਹੀਦਾ ਹੈ ਕਿ ਜੋ ਕੁਝ ਹੈ ਸੋ ਏਥੇ ਹੀ ਹੈ, ਅਗੇ ਚਲ ਕੇ ਕੁਝ ਨਹੀਂ, ਨਾ ਅੱਗਾ ਹੈ ਨਾ ਅਗੇ ਏਥੇ ਕੀਤੇ ਅਮਲਾਂ ਦੀ ਸਜ਼ਾ ਹੈ। ਏਥੇ ਕਮਾਤੇ ਪਾਪਾਂ ਦੀ ਸਜ਼ਾ ਦੇ ਦੁਖ ਅਗੇ ਜ਼ਰੂਰ ਭੁਗਤਣੇ ਬਣਨੇ ਹਨ। ਅਗਲੀ ਦਰਗਾਹ ਵਿਖੇ ਜੇ ਅਮਿਤ ਦੁਖਾਂ ਤੋਂ ਬਚਣਾ ਹੈ ਅਤੇ ਆਤਮ-ਸੁਖ ਪਰਮਾਤਮਾ ਮਿਲਣ ਦਾ ਭੋਗਣਾ ਹੈ ਤਾਂ ਉਸ ਦੀ ਸੇਵਾ ਸਿਮਰਨ ਕਰ ਕੇ ਦਰਗਹ ਅੰਦਰ ਸਚੜਾ ਸੁਖ ਪਾਈਦਾ ਹੈ। ਅਗੇ ਚਲ ਕੇ ਆਪ-ਹੁਦਰੀਆਂ ਹਿਕਮਤ-ਹੁਕਮ ਸਿਆਣਪਾਂ ਨਹੀਂ ਚਲਣਗੀਆਂ। ਅਗੇ ਚਲ ਕੇ ਪਤਾ ਲਗੂ ਕਿ ਆਪੋ ਆਪਣੇ ਜੀਵਾਂ ਦੇ ਕਰਮਾਂ ਅਨੁਸਾਰ ਉਹਨਾਂ ਦੇ ਆਪਣੇ ਆਪਣੇ ਸਿਰ ਤੇ ਭੀ ਕੁਛ ਵਿਹਾਉਣੀ ਵਿਹਾਵੇਗੀ। ਸਿਰੇ ਦੀ ਗੱਲ ਬੱਸ ਇਹੀ ਹੈ ਕਿ ਅਵੱਸ਼ ਏਥੋਂ ਚਲਣਾ ਹੈ ਅਤੇ ਅਗੇ ਚਲ ਵਸਣਾ ਹੈ, ਤਾਂ ਤੇ ਸਮਰੱਥ ਸਾਹਿਬ ਵਾਹਿਗੁਰੂ ਦਾ ਸਿਮਰਨ ਕਰੋ। ਏਦੂੰ ਉਪਰ ਹੋਰ ਕਰਮ ਧਰਮ ਕੋਈ ਨਹੀਂ।

ਸਮਰੱਥ ਸਚੇ ਸਾਹਿਬ ਦੀ ਸੇਵਾ ਸਿਮਰਨ ਕਰ ਹੀ ਅਗੇ ਪੰਥ ਸੁਹੇਲਾ ਹੁੰਦਾ ਹੈ। ਅਰਥਾਤ ਮਰਨ ਤੋਂ ਪਿਛੋਂ, ਇਸ ਦੇਹੀ ਛਡਣ ਤੋਂ ਪਿਛੋਂ ਫੇਰ ਅਗਲੇ ਲੋਕ ਦੇ ਪੰਧ ਪੈਣਾ ਜ਼ਰੂਰੀ ਹੈ। ਮਰਨ ਪਿਛੋਂ ਅੱਗਾ ਮੁਕ ਨਹੀਂ ਜਾਂਦਾ। ਅਗੇ ਚਲ ਕੇ ਤਿਨ੍ਹਾਂ ਦਾ ਮੰਦਾ ਹਾਲ ਹੁੰਦਾ ਹੈ ਜਿਨ੍ਹਾਂ ਦਾ ਮੰਦੇ ਹਾਲੀਂ ਮਰਨ ਹੋਇਆ ਹੈ। ਜਿਨ੍ਹਾਂ ਨੂੰ ਮਰਨ ਲਗਿਆਂ ਸਾਹਿਬ ਨਹੀਂ ਵਿਸਰਿਆ, ਸਿਮਰਨ ਹੁੰਦਾ ਹੀ ਰਿਹਾ ਹੈ ਐਸੀ ਮਰਨੀ ਜੋ ਮਰੈ ਹੈਂ ਤਿਨ੍ਹਾਂ ਦਾ ਮਰਨ ਹੁੰਦਾ ਨਹੀਂ ਆਖੀਦਾ। ਕਿਉਂਕਿ ਸਿਮਰਨ-ਸੁਰਜੀਤਣੀ ਮਰਨੀ ਮਰਨ ਕਰਿ, ਮਰਨ ਤੋਂ ਅਗਲਾ ਪੈਂਡਾ ਸੁਹੇਲਾ ਹੋ ਜਾਂਦਾ ਹੈ। ਪੰਥ ਸੁਹੇਲੇ ਜਾਣ ਕਰਿ ਉਹਨਾਂ ਨੂੰ ਇਹ ਫਲ ਮਿਲਦਾ ਹੈ ਕਿ ਅਗੇ ਚਲ ਕੇ ਤਿਨ੍ਹਾਂ ਨੂੰ ਵਡਾਈ ਮਿਲਦੀ ਹੈ। ਨਾਮ ਦੀ ਭੇਟ ਸੁਗਾਤ ਨਾਲ ਲੈ ਜਾਣ ਕਰਿ ਵਾਹਿਗੁਰੂ ਸਚੇ ਦੇ ਸਚ ਸਰੂਪ ਵਿਖੇ ਸਮਾਈਦਾ ਹੈ। ਤਾਂ ਪਤਿ ਲੇਖੇ ਪੈਂਦੀ ਹੈ। ਸਚੇ ਖਸਮ ਅਤੇ ਸਚੜੇ ਮਹਲੀ ਜਾਇ ਪ੍ਰਾਪਤਿ ਹੋਈਦਾ ਹੈ। ਇਸ ਬਿਧ ਖਸਮ ਦੇ ਦਰਿ ਪਰਵਾਨ ਪਏ ਗੁਰਮੁਖ ਜਨ, ਸਦ ਸਦੀਵ ਲਈ ਰੰਗ ਸਿਉਂ ਰਲੀਆਂ ਮਾਣਦੇ ਹਨ। ਇਸ ਲੋਕ ਵਿਖੇ ਐਸੀ ਸਚੀ ਮਰਨੀ ਮਰਨ-ਹਾਰਿਆਂ ਦੇ ਮਰਨ ਦਾ ਮੰਦਾ ਹਰਗਿਜ਼ ਨਹੀਂ ਕਹਿ ਸਕੀਦਾ। ['ਅਣਡਿਠੀ ਦੁਨੀਆ' ਪੁਸਤਕ ਵਿਚੋਂ

## ਕੋਟਾ (ਰਾਜਿਸਥਾਨ) ਵਿਖੇ ਅਖੰਡ ਕੀਰਤਨ ਸਮਾਗਮ

ਸਰਬੱਤ ਗੁਰੂ ਪਿਆਰਿਆਂ ਦੀ ਸੇਵਾ ਵਿਚ ਬੇਨਤੀ ਹੈ ਕਿ ਕੋਟਾ (ਰਾਜਿਸਥਾਨ) ਵਿਖੇ ਹੇਠ ਲਿਖੇ ਅਨੁਸਾਰ ਅਖੰਡ ਕੀਰਤਨ ਪ੍ਰੋਗ੍ਰਾਮ ਹੋ ਰਹੇ ਹਨ। ਸਰਬਤ ਗੁਰਮੁਖ ਵੀਰ ਤੇ ਭੈਣਾਂ ਦਰਸ਼ਨ ਦੇ ਕੇ ਧੰਨਵਾਦੀ ਬਣਾਓ ਜੀ।

ਸ਼ਨੀਵਾਰ ੮—੨—੭੫ ਸਵੇਰੇ ੫—੦੦ ਤੋਂ ੧—੦੦ ਆਸਾ ਦੀ ਵਾਰ ਤੇ ਕੀਰਤਨ
ਸ਼ਾਮ ੮—੦੦ ਤੋਂ ੧੦—੦੦ ਸੋਦਰ ਉਪਰੰਤ ਅਖੰਡ ਕੀਰਤਨ
ਐਤਵਾਰ ੯—੨—੭੫ ਸਵੇਰੇ ੫—੦੦ ਤੋਂ ੧—੦੦ ਆਸਾ ਦੀ ਵਾਰ ਤੇ ਕੀਰਤਨ
ਸ਼ਾਮ ੯—੦੦ ਰੈਣ-ਸਬਾਈ ਕੀਰਤਨ ਅਰੰਭ
ਸੋਮਵਾਰ ੧੦—੨—੭੫ ਸਵੇਰੇ ੬ ਵਜੇ ਰੈਣ-ਸਬਾਈ ਕੀਰਤਨ ਦੀ ਸਮਾਪਤੀ ਹੋਵੇਗੀ।

**ਅੰਮ੍ਰਿਤ-ਸਿੰਚਾਰ** ੯—੨—੭੫ ਨੂੰ ਚਾਰ ਵਜੇ ਦਿਨੇ ਅਰੰਭ ਹੋਵੇਗਾ। ਅਭਿਲਾਖੀ ਸਜਣ ਸਕੇਸ਼ੀ ਇਸ਼ਨਾਨ ਕਰ ਕੇ ਪੰਜ-ਕਕਾਰੀ ਰਹਿਤ ਸਹਿਤ ਪੁਜ ਕੇ ਦਾਤ ਪ੍ਰਾਪਤ ਕਰਨ।

**ਰਿਹਾਇਸ਼ ਤੇ ਲੰਗਰ** ਦਾ ਪਰਬੰਧ ਸ੍ਰੀ ਗੁਰੂ ਸਿੰਘ ਸਭਾ, ਨੇੜੇ ਰੇਲਵੇ ਸਟੇਸ਼ਨ ਕੋਟਾ ਜੰਕਸ਼ਨ ਵਿਖੇ ਹੋਵੇਗਾ।

ਪੁਛ ਗਿਛ ਲਈ—ਹਰਜੀਤ ਸਿੰਘ ਗਾਰਡ,
੩੮੧-C ਨਵੀਂ ਕਾਲੋਨੀ, ਕੋਟਾ ੨

ਦਰਸ਼ਨ ਅਭਿਲਾਖੀ ਦਾਸਰੇ—
ਅਖੰਡ ਕੀਰਤਨੀ ਜੱਥਾ, ਕੋਟਾ (ਰਾਜਿਸਥਾਨ)

www.AKJ.Org

# "ਗੁਰੂ ਜੋਤਿ" ਧੰਨੁ ਧੰਨੁ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

[ਵਲੋਂ—ਸ: ਤਰਲੋਚਨ ਸਿੰਘ ਜੀ, ਸਾਊਥ ਗਾਂਧੀ ਨਗਰ, ਦਿਲੀ-੩੧]

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥ ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥ ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥ ਅਮਰਦਾਸਿ ਅਮਰਤ ਛਤ੍ਰੁ ਗੁਰ ਰਾਮਹਿ ਦੀਅਉ ॥ ਗੁਰ ਰਾਮਦਾਸ ਦਰਸਨੁ ਪਰਸਿ, ਕਹਿ ਮਥੁਰਾ ਅੰਮ੍ਰਿਤ ਬਯਣ ॥ ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥

[ਸਵਈਏ ਮਹਲੇ ਪੰਜਵੇਂ ਕੇ ੫, ਪੰਨਾ ੧੪੦੮

## ਗੁਰੂ ਜੋਤਿ

ਰਾਮਦਾਸਿ ਗੁਰੂ ਜਗ ਤਾਰਨ ਕਉ, ਗੁਰ ਜੋਤਿ ਅਰਜੁਨ ਮਾਹਿ ਧਰੀ ॥੪॥ (ਪੰਨਾ ੧੪੦੯)

ਗੁਰਬਾਣੀ ਦੀ ਇਸ ਤੁਕ ਦੇ ਸਪੱਸ਼ਟ ਅਰਥ ਇਹੋ ਹਨ ਕਿ ਗੁਰੂ ਰਾਮਦਾਸ ਜੀ ਨੇ ਜਗਤ ਉਧਾਰਨ ਲਈ 'ਗੁਰ ਜੋਤਿ' ਅਰਜਨ ਦੇਵ ਜੀ ਵਿਚ ਟਿਕਾ ਦਿਤੀ। 'ਗੁਰੂ ਜੋਤਿ' ਸਦਕਾ ਉਹ ਅਰਜਨ ਦੇਵ ਤੋਂ ਗੁਰੂ ਅਰਜਨ ਦੇਵ ਜੀ ਅਖਵਾਏ। ਗੁਰੂ ਰਾਮਦਾਸ ਜੀ ਨੇ 'ਗੁਰੂ ਗਦੀ' ਲਈ ਨਾ ਸਿਰਫ ਯੋਗ ਵਿਅਕਤੀ ਦੀ ਹੀ ਚੋਣ ਕੀਤੀ ਸਗੋਂ **'ਗੁਰੂ ਜੋਤਿ' ਦਾ ਨਿਵਾਸ ਵੀ ਉਹਨਾਂ ਵਿਚ ਕਰ ਦਿਤਾ।**

ਇਸ ਤੋਂ ਬਾਅਦ ਇਹੋ 'ਗੁਰ ਜੋਤਿ' ਗੁਰੂ ਹਰਿਗੋਬਿੰਦ ਸਾਹਿਬ ਜੀ ਵਿਚ ਸਮਾਈ।

ਭਾ: ਗੁਰਦਾਸ ਜੀ ਫੁਰਮਾਉਂਦੇ ਹਨ:—

ਅਰਜਨ ਕਾਇਆ ਪਲਟਿ ਕੈ, ਮੂਰਤਿ ਹਰਿ ਗੋਬਿੰਦ ਸਵਾਰੀ ॥ ਚਲੀ ਪੀੜੀ ਸੋਢੀਆਂ ਰੂਪੁ ਦਿਖਾਵਣ ਵਾਰੋ ਵਾਰੀ ॥ ਦਲ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ॥

ਗੁਰੂ ਅਰਜਨ ਦੇਵ ਜੀ ਸਰੀਰ ਵਟਾ ਕੇ ਗੁਰੂ ਹਰਿ ਗੋਬਿੰਦ ਸਾਹਿਬ ਦੇ ਰੂਪ ਵਿਚ ਸੁਸ਼ੋਭਤ ਹੋਏ। ਉਹ ਵਡੇ ਜੋਧਾ ਸੂਰਮਾ ਤੇ ਪਰਉਪਕਾਰੀ ਸਨ। ਭਾਵ 'ਗੁਰੂ ਜੋਤਿ' ਉਹੋ ਇਕੋ ਸੀ, ਸਿਰਫ ਸਰੀਰ ਬਦਲਦੇ ਰਹੇ। ਇਹ ਇਕੋ 'ਗੁਰੂ ਜੋਤਿ' ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਵਖ ਵਖ ਸਰੀਰਾਂ ਵਿਚ ਸੁਸ਼ੋਭਤ ਰਹੀ।

**'ਜੋਤਿ' ਇਕ ਸੀ, 'ਰੂਪ' ਅਡੋ ਅਡ ਸਨ।**

ਗੁਰੂ ਗੋਬਿੰਦ ਸਿੰਘ ਜੀ ਵੀ ਬਚਿਤ੍ਰ ਨਾਟਕ ਵਿਚ ਇਸੇ ਭੇਦ ਨੂੰ ਬਿਆਨ ਕਰਦੇ ਹਨ :—

ਸ੍ਰੀ ਨਾਨਕ ਅੰਗਦਿ ਕਰਿ ਮਾਨਾ ॥ ਅਮਰਦਾਸ ਅੰਗਦ ਪਹਿਚਾਨਾ ॥ ਅਮਰਦਾਸ ਰਾਮਦਾਸ ਕਹਾਯੋ ॥ ਸਾਧਨਿ ਲਖਾ ਮੂੜ੍ਹ ਨਹਿ ਪਾਯੋ ॥ ਭਿੰਨ ਭਿੰਨ ਸਭਹੂੰ ਕਰ ਜਾਨਾ ॥ ਏਕ ਰੂਪ ਕਿਨਹੂ ਪਹਿਚਾਨਾ ॥ ਜਿਨ ਜਾਨਾ ਤਿਨ ਹੀ ਸਿਧ ਪਾਈ ॥ ਬਿਨ ਸਮਝੇ ਸਿਧ ਹਾਥ ਨਾ ਆਈ ॥ ਰਾਮਦਾਸ ਹਰਿ ਸੋ ਮਿਲ ਗਏ ॥ ਗੁਰਤਾ ਦੇਤ ਅਰਜਨਹਿ ਭਏ ॥ ਜਬ ਅਰਜਨ ਪ੍ਰਭੁ ਲੋਕ ਸਿਧਾਏ ॥ ਹਰਿ ਗੋਬਿੰਦ ਤਿਹ ਠਾਂ ਠਹਿਰਾਏ ॥ ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ ॥ ਹਰੀ ਰਾਇ ਤਿਹ ਠਾਂ ਬੈਠਾਰੇ ॥ ਹਰੀ ਕ੍ਰਿਸ਼ਨ ਤਿਨ ਕੇ ਸੁਤ ਵਏ ॥ ਤਿਨ ਤੇ ਤੇਗ ਬਹਾਦਰ ਭਏ ॥

ਅਸਲ ਵਿਚ ਇਹ 'ਗੁਰੂ ਜੋਤਿ' 'ਅਕਾਲ ਜੋਤਿ' ਹੀ ਸੀ, ਜੋ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਸੰਸਾਰ ਵਿਚ ਪ੍ਰਗਟ ਹੋਈ ਤੇ ਦਸਾਂ ਸਤਿਗੁਰਾਂ ਵਿਚ ਨਿਵਾਸ ਕਰਦੀ ਹੋਈ ਸਦਾ ਲਈ **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਮਾ ਗਈ।**

ਇਸ ਸਬੰਧੀ ਸਾਨੂੰ ਗੁਰੂ-ਬਚਨਾਂ ਉਤੇ ਨਿਸਚਾ ਪੱਕਾ ਕਰਨ ਦੀ ਲੋੜ ਹੈ। ਪਹਿਲਾਂ ਵੀ ਜਿਨ੍ਹਾਂ ਵਡਭਾਗੀਆਂ ਨੇ ਗੁਰੂ ਸ਼ਖ਼ਸੀਅਤਾਂ ਵਿਚੋਂ 'ਗੁਰ ਜੋਤਿ' ਦੇ ਦਰਸ਼ਨ ਕੀਤੇ ਉਹ ਨਿਹਾਲ ਹੋਏ, ਤੇ ਹੁਣ ਵੀ ਜਿਹੜੇ 'ਗੁਰੂ ਗ੍ਰੰਥ ਸਾਹਿਬ' ਜੀ ਵਿਚੋਂ 'ਗੁਰ ਜੋਤਿ' ਦੇ ਦਰਸ਼ਨ ਕਰਨਗੇ ਉਹ ਨਿਹਾਲ ਹੋਣਗੇ। **ਗੁਰੂ ਦੇ ਦਰਸ਼ਨ ਤੋਂ ਭਾਵ 'ਗੁਰ ਜੋਤਿ' ਦੇ ਦਰਸ਼ਨ ਹਨ, ਕੇਵਲ ਬਾਹਰਲੇ ਸਰੀਰ ਜਾਂ ਸਰੂਪ ਦੇ ਦਰਸ਼ਨ ਨਹੀਂ।**



www.AKJ.Org

ਗੁਰੂ ਨਾਨਕ ਦੇਵ ਜੀ ਦੇ ਸਪੁਤਰ ਉਹਨਾਂ ਦੇ ਸਰੀਰਕ ਦਰਸ਼ਨ ਤਾਂ ਕਰਦੇ ਰਹੇ, ਪਰ ਉਹਨਾਂ ਅੰਦਰ ਗੁਰ ਜੋਤਿ ਦੇ ਦਰਸ਼ਨ ਨ ਕਰ ਸਕੇ। ਗੁਰੂ ਅੰਗਦ ਦੇਵ ਜੀ ਦੇ ਸਪੁਤਰ ਵੀ ਗੁਰੂ ਸਾਹਿਬ ਦੇ ਸਰੀਰਕ ਦਰਸ਼ਨ ਤਾਂ ਕਰਦੇ ਰਹੇ, ਪਰ ਉਹਨਾਂ ਅੰਦਰ 'ਗੁਰ ਜੋਤਿ' ਦੇ ਦਰਸ਼ਨ ਨਾ ਕਰ ਸਕੇ। ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਅੰਦਰ 'ਗੁਰ ਜੋਤਿ' ਦੇ ਦਰਸ਼ਨ ਕੀਤੇ ਅਤੇ ਨਿਹਾਲ ਹੋਏ। ਭਾਈ ਲਹਿਣਾ ਤੋਂ ਗੁਰੂ ਅੰਗਦ ਦੇਵ ਜੀ ਥਾਪੇ ਗਏ। ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਅੰਦਰ 'ਗੁਰ ਜੋਤਿ' ਦੇ ਦਰਸ਼ਨ ਕੀਤੇ ਤੇ ਨਿਹਾਲ ਹੋਏ। ਉਸੇ 'ਗੁਰ ਜੋਤਿ' ਦੇ ਵਾਰਸ ਬਣ ਕੇ ਗੁਰੂ ਅਮਰਦਾਸ ਜੀ ਦੀ ਪਦਵੀ ਪ੍ਰਾਪਤ ਕੀਤੀ। ਗੁਰੂ ਰਾਮਦਾਸ ਜੀ ਵੀ ਗੁਰੂ ਅਮਰਦਾਸ ਜੀ ਅੰਦਰ 'ਗੁਰ ਜੋਤਿ' ਦੇ ਦਰਸ਼ਨ ਸਦਕਾ 'ਗੁਰ ਗਦੀ' ਦੇ ਮਾਲਕ ਬਣੇ।

ਗੁਰੂ ਰਾਮਦਾਸ ਜੀ ਦੇ ਵਡੇ ਸਪੁੱਤਰ ਪ੍ਰਿਥੀ ਚੰਦ ਜੀ ਉਹਨਾਂ ਦੇ ਸਰੀਰਕ ਦਰਸ਼ਨ ਤਾਂ ਭਾਵੇਂ ਕਰਦੇ ਰਹੇ, ਪਰ ਉਨ੍ਹਾਂ ਅੰਦਰ 'ਗੁਰ ਜੋਤਿ' ਨੂੰ ਅਨੁਭਵ ਨ ਕਰ ਸਕੇ ਅਤੇ ਗੁਰ-ਬਖ਼ਸ਼ਸ਼ ਤੋਂ ਵਾਂਝੇ ਰਹੇ। ਗੁਰੂ ਅਰਜਨ ਦੇਵ ਜੀ ਗੁਰੂ ਰਾਮਦਾਸ ਜੀ ਅੰਦਰ 'ਗੁਰੂ ਜੋਤਿ' ਦੇ ਅਨਭਵ ਅਤੇ ਦਰਸ਼ਨ ਸਦਕਾ ਹੀ ਗੁਰੂ-ਗਦੀ ਤੇ ਬਿਰਾਜਮਾਨ ਹੋਏ।

ਲਿਖਣ ਤੋਂ ਭਾਵ ਇਹ ਹੈ ਕਿ ਗੁਰੂ ਦੇ ਦਰਸ਼ਨ ਉਹੋ ਹੀ ਨਹੀਂ ਹਨ ਜੋ ਕਿ ਗੁਰੂ ਮਹਾਰਾਜ ਦੇ ਬਾਹਰਲੇ ਸਰੂਪ ਦੇ ਦਰਸ਼ਨ ਹਨ, ਸਗੋਂ ਇਸ ਤੋਂ ਹੋਰ ਉਚੇਰੇ ਗੁਰੂ ਮਹਾਰਾਜ ਦੇ ਅੰਦਰ ਵਸਦੀ 'ਗੁਰ ਜੋਤਿ' ਦੇ ਦਰਸ਼ਨ ਹਨ। ਜਿਹਨਾਂ ਨੇ ਵੀ ਇਹ ਦਰਸ਼ਨ ਕੀਤੇ ਹਨ ਉਹ ਨਦਰੀ ਨਦਰਿ ਨਿਹਾਲ ਹੋਏ ਹਨ ਤੇ ਹੁੰਦੇ ਰਹਿਣਗੇ। **ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਆਗਿਆ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ 'ਗੁਰੂ-ਗਦੀ' ਅਤੇ 'ਗੁਰੂ ਜੋਤਿ' ਦੇ ਮਾਲਕ ਹਨ ਜ਼ਾਹਰਾ ਜ਼ਹੂਰ, ਹਾਜ਼ਰਾ ਹਜ਼ੂਰ**। ਸਰਬ ਕਲਾ ਭਰਪੂਰ, ਜੁਗੋ ਜੁਗ ਅਟੱਲ ਸਤਿਗੁਰੂ ਹਨ। ਇਹਨਾਂ ਦੇ ਦਰਸ਼ਨ ਤੋਂ ਭਾਵ ਵੀ ਇਹਨਾਂ ਅੰਦਰ ਬਿਰਾਜਮਾਨ 'ਗੁਰੂ ਜੋਤਿ' ਦੇ ਦਰਸ਼ਨ ਤੋਂ ਹੈ। ਜਿਉਂ ਜਿਉਂ ਸਾਡਾ ਗੁਰੂ ਗ੍ਰੰਥ ਸਾਹਿਬ ਜੀ ਬਾਰੇ 'ਪ੍ਰਤਖਿ ਗੁਰੂ' ਹੋਣ ਦਾ ਨਿਸਚਾ ਪੱਕਾ ਹੁੰਦਾ ਜਾਏਗਾ, ਸਾਨੂੰ ਇਹਨਾਂ ਅੰਦਰ 'ਗੁਰੂ ਜੋਤਿ' ਦਾ ਅਨੁਭਵ ਵੀ ਹੋਣ ਲਗ ਪਵੇਗਾ। ਗੁਰੂ ਗ੍ਰੰਥ ਸਾਹਿਬ ਜੀ ਵਿਚ 'ਗੁਰੂ ਜੋਤਿ' ਦਾ ਅਨੁਭਵ ਹੀ ਸਾਨੂੰ ਇਹਨਾਂ ਅੰਦਰੋਂ 'ਗੁਰੂ ਜੋਤਿ' ਦੇ ਦਰਸ਼ਨ ਕਰਵਾ ਸਕਦਾ ਹੈ। ਗੁਰੂ ਦਰਸ਼ਨ ਭਾਵ 'ਗੁਰੂ ਜੋਤਿ' ਦੇ ਦਰਸ਼ਨ ਦੀ ਮਹਿਮਾ ਕਿਤਨੀ ਮਹਾਨ ਹੈ। ਗੁਰੂ ਮਹਾਰਾਜ ਆਪ ਹੀ ਸਾਨੂੰ ਸਮਝਾਉਂਦੇ ਹਨ :

ਹੋਵੈ ਸਿਫਤਿ ਖਸਮ ਦੀ, ਨੂਰੁ ਅਰਸਹੁ ਕੁਰਸਹੁ ਝਟੀਐ ॥ ਤੁਧੁ ਡਿਠੇ ਸਚੇ ਪਾਤਿਸਾਹ, ਮਲੁ ਜਨਮ ਜਨਮ ਦੀ ਕਟੀਐ ॥ (ਪੰਨਾ ੯੬੭)

ਮਾਈ ਚਰਨ ਗੁਰ ਮੀਠੇ ॥ ਵਡੈ ਭਾਗਿ ਦੇਵੈ ਪਰਮੇਸਰੁ, ਕੋਟਿ ਫਲਾ ਦਰਸਨ ਗੁਰ ਡੀਠੇ ॥ ਰਹਾਉ॥ (ਪੰਨਾ ੭੧੭)

ਮੈ ਮੂਰਖ ਕੀ ਕੇਤਕ ਬਾਤ ਹੈ, ਕੋਟਿ ਪਰਾਧੀ ਤਰਿਆ ਰੇ ॥ ਗੁਰੁ ਨਾਨਕੁ ਜਿਨ ਸੁਣਿਆ ਪੇਖਿਆ, ਸੇ ਫਿਰਿ ਗਰਭਾਸਿ ਨ ਪਰਿਆ ਰੇ ॥ (ਪੰਨਾ ੬੧੨)

ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ, ਨਾਮੁ ਜਪੰਦੜੀ ਲਾਲੀ ॥ ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ, ਗੁਰ ਦਰਸਨੁ ਦੇਖਿ ਨਿਹਾਲੀ॥ (ਪੰਨਾ ੯੬੪)

ਸੁ ਕਹੁ ਟਲ ਗੁਰੁ ਸੇਵੀਐ, ਅਹਿਨਿਸਿ ਸਹਜਿ ਸੁਭਾਇ॥ ਦਰਸਨਿ ਪਰਸਿਐ ਗੁਰੂ ਕੈ, ਜਨਮ ਮਰਣ ਦੁਖੁ ਜਾਇ॥ (ਪੰਨਾ ੧੩੯੨)

---

**ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥੫॥**
[ਨਟ ਮਹਲਾ ੪, ਪੰਨਾ ੯੮੨



www.AKJ.Org

# ਸਿਖ ਇਤਿਹਾਸ ਤੇ ਇਕ ਨਜ਼ਰ

[ਵਲੋਂ—ਸਾਰੰਗ ਜੀ, ਕਪੂਰਥਲਾ]

ਸਿਖ ਇਤਿਹਾਸ ਬਣਾਇਆ ਸਤਿਗੁਰਾਂ ਨੇ, ਜਾਂ ਗੁਰੂ ਕੇ ਸੁਚਿਆਰ ਸਿਖਾਂ ਨੇ। ਪਰ ਕੁਝ ਕੁ ਨੂੰ ਛੱਡ ਕੇ ਸਿਖ ਇਤਿਹਾਸ ਬਹੁਤੇ ਲਿਖਣ ਵਾਲੇ ਉਕਾ ਹੀ ਅਸ਼ਰਧਕ ਸਨ ਤੇ ਹੁਣ ਭੀ ਜੋ ਲਿਖਦੇ ਹਨ ਜਾਂ ਸਕੂਲਾਂ ਕਾਲਜਾਂ ਵਿਚ ਪੜ੍ਹਾਂਦੇ ਹਨ, ਉਹ ਸ਼ਰਧਾ ਅਤੇ ਸਿਦਕ ਨੂੰ ਤਿਲਾਂਜਲੀ ਦੇ ਕੇ ਲਿਖਦੇ ਜਾਂ ਪੜ੍ਹਾਂਦੇ ਹਨ। ਸਾਡਾ ਖ਼ਿਆਲ ਸੀ ਕਿ ਸ਼ਾਇਦ ਸਿਖ ਇਤਿਹਾਸ ਪੜ੍ਹਾਣ ਨਾਲ ਸਿਖੀ ਵਧੇਗੀ, ਪਰ ਪੜ੍ਹਾਣ ਵਾਲੇ ਸਿਖ ਇਤਿਹਾਸ ਨੂੰ ਸਿਖੀ ਨੁਕਤਾ-ਨਜ਼ਰ ਤੋਂ ਨਾ ਤਾਂ ਆਪ ਸਮਝਣ ਦਾ ਜਤਨ ਕਰਦੇ ਹਨ, ਸਮਝਾਉਣਾ ਤਾਂ ਅਜੇ ਦੂਰ ਦੀ ਗੱਲ ਹੈ। ਯੂਨੀਵਰਸਿਟੀਆਂ ਵਿਚ ਉੱਚੀਆਂ ਪਦਵੀਆਂ ਤੇ ਲੱਗੇ ਪ੍ਰੋਫੈਸਰਾਂ ਦਾ ਅਜ ਦੇ ਸਮਾਜ ਵਿਚ ਤੇ ਖ਼ਾਸ ਕਰਕੇ ਬੁਧੀ-ਜੀਵੀਆਂ ਵਿਚ ਕਾਫ਼ੀ ਮਾਨ ਸਨਮਾਨ ਹੁੰਦਾ ਹੈ। ਜੇ ਉਹ ਹੀ ਸਿਖ ਇਤਿਹਾਸ ਦੇ ਕੁਝ ਪੱਖਾਂ ਉਤੇ ਦਲੀਲਾਂ ਵਿਚ ਪੈ ਕੇ ਇਹ ਮੰਨ ਜਾਣ ਕਿ ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ ਕੇਵਲ ਕਾਵ-ਕਲਪਨਾ ਸੀ, ਤਾਂ ਉਹ ਸਮਾਂ ਦੂਰ ਨਹੀਂ ਜਦੋਂ ਅਸੀਂ ਸਿਖ ਇਤਿਹਾਸ ਦੇ ਹੋਰ ਭੀ ਵਧੇਰੇ ਜ਼ਰੂਰੀ ਪੱਖਾਂ ਅਤੇ ਘਟਨਾਵਾਂ ਬਾਰੇ ਜਨ-ਸਾਧਾਰਨ ਦੇ ਮਨਾਂ ਵਿਚ ਸ਼ੰਕੇ ਪੈਦਾ ਕਰਨ ਵਿਚ ਵਾਧਾ ਕਰਾਂਗੇ। ਕੀ ਇਸ ਤਰ੍ਹਾਂ ਦਾ ਇਤਿਹਾਸ ਪੜ੍ਹਾਉਣਾ ਸਿਖੀ ਲਈ ਲਾਹੇਵੰਦਾ ਹੋਵੇਗਾ? ਮੇਰਾ ਇਸ਼ਾਰਾ ਗੁਰੂ ਨਾਨਕ ਯੂਨੀਵਰਸਿਟੀ ਵਿਚ ਮੈਕਲੋਡ ਦੇ ਭਾਸ਼ਣ ਵੱਲ ਹੈ, ਜਿਸ ਦੀ ਕਿਸੇ ਸਿਖ ਇਤਿਹਾਸਕਾਰ ਨੇ ਹੁਣ ਤਾਈਂ ਵਿਰੋਧਤਾ ਨਹੀਂ ਕੀਤੀ।

——ਮੈਕਲੋਡ ਇਕ ਵਿਦੇਸ਼ੀ ਹੈ। ਫਿਰ ਇਤਿਹਾਸਕਾਰ। ਪਤਾ ਨਹੀਂ ਇਤਿਹਾਸਕਾਰ ਕਿੰਨੀ ਕੁ ਵੱਡੀ ਅਕਲ ਦਾ ਮਾਲਕ ਹੁੰਦਾ ਹੈ। ਸਿਖ ਇਤਿਹਾਸ ਸਾਰੇ ਦਾ ਸਾਰਾ ਭਰੋਸੇ ਤੇ, ਸਿਦਕ ਤੇ ਕੁਰਬਾਨੀ ਦੇ ਜਜ਼ਬੇ ਤੇ ਉਸਾਰਿਆ ਗਿਆ ਹੈ। ਅਸ਼ਰਧਕ ਲਿਖਾਰੀ ਇਸ ਦੀ ਕੀ ਕਦਰ ਜਾਨਣ, ਬੰਦ ਬੰਦ ਕਟਵਾਣ ਦੀ, ਜਾਂ ਖੋਪਰੀ ਲੁਹਾਣ ਦੀ, ਜਾਂ ਆਰੇ ਨਾਲ ਸੀਸ ਚਿਰਵਾਣ ਦੀ। ਅਜ ਮੈਕਲੋਡ ਨੇ ਗੁਰੂ ਬਾਬੇ ਜੀ ਦੀਆਂ ਚਾਰ ਉਦਾਸੀਆਂ ਨੂੰ ਢਕੌਂਸਲਾ ਆਖਿਆ ਹੈ। ਕੀ ਸਾਡੇ ਸਿਖ ਇਤਿਹਾਸਕਾਰ ਪ੍ਰੋ: ਡਾ: ਗੰਡਾ ਸਿੰਘ ਤੇ ਡਾ: ਫ਼ੌਜਾ ਸਿੰਘ, ਪ੍ਰੋ: ਸਤਬੀਰ ਸਿੰਘ ਚੁਪ ਕੀਤੀ ਰਖਣਗੇ? ਕੀ ਸਾਡੇ ਪੰਥਕ ਅਦਾਰੇ ਅਤੇ ਪੰਥ ਦੇ ਮੁਖੀ ਤੇ ਪੰਥ ਦੇ ਵਿਦਵਾਨ ਇਨ੍ਹਾਂ ਗੱਲਾਂ ਨੂੰ ਚੁਪ ਕਰ ਕੇ ਸੁਣੀ ਜਾਣਗੇ? ਸਿਖ ਜਨਤਾ ਉਨ੍ਹਾਂ ਤੋਂ ਜਵਾਬ ਦੀ ਉਡੀਕ ਕਰਦੀ ਹੈ।

(੨) ਇਤਿਹਾਸ ਨੂੰ ਸਾਇੰਟੀਫ਼ਿਕ ਬਣਾਣ ਦਾ ਮਤਲਬ ਹੁੰਦਾ ਹੈ ਕਿ ਇਤਿਹਾਸਕ ਤਥਾਂ ਤੋਂ ਪ੍ਰਾਪਤ ਸਮਗਰੀ ਦੇ ਆਧਾਰ ਤੇ ਕਹਾਣੀ ਦੀ ਪੂਣੀ ਕਤੀ ਜਾਣੀ। ਜੇ ਸੌ ਸਾਲਾਂ ਪਿਛੋਂ ਕੁਝ ਨਵੇਂ ਤਥ ਮਿਲ਼ ਪੈਣ ਤਾਂ ਪੂਣੀ ਅਧ ਵਿਚਾਲਿਉਂ ਤੋੜ ਕੇ ਨਵੀਂ ਤੰਦ ਪਾ ਕੇ ਫੇਰ ਕਤ ਲੈਣੀ। ਇਹ ਪੂਣੀ ਨਾ ਮੁੱਕਣ ਵਾਲੀ ਖੇਡ ਹੈ। ਕੱਚੀਆਂ ਤੰਦਾਂ ਹਨ ਅਤੇ ਕੱਤਣ ਵਾਲੇ ਭੀ ਕੱਚੇ ਹਨ।

ਅਨੇਕਾਂ ਸਿਖ ਗੁਰਦਵਾਰੇ-ਗੁਰਧਾਮ ਜਿਥੇ ਜਿਥੇ ਗੁਰੂ ਸਾਹਿਬਾਨ ਨੇ ਚਰਨ ਪਾਏ, ਇਤਿਹਾਸਕਾਰਾਂ ਦੀ ਖੋਜ ਦੇ ਆਧਾਰ ਤੇ ਨਹੀਂ ਬਣੇ। ਸੰਤਾਂ ਮਹਾਂ ਪੁਰਸ਼ਾਂ ਨੂੰ ਉਸ ਉਸ ਥਾਂ ਤੋਂ ਸਤਿਗੁਰਾਂ ਦੀ ਚਰਨ-ਧੂੜੀ ਦੀ ਸੁਗੰਧੀ ਆਉਂਦੀ ਹੈ ਤਾਂ ਗੁਰਦਵਾਰਾ ਉਸਾਰਿਆ ਜਾਂਦਾ ਹੈ। ਸੰਤ ਅਤਰ ਸਿੰਘ ਜੀ ਮਹਾਰਾਜ ਪੂਰਨ ਗੁਰਸਿਖ ਤੇ ਆਤਮਕ ਰਹੱਸ ਦੇ ਪੂਰਨ ਅਨੁਭਵੀ ਸਨ। ਉਹ ਕੋਈ ਇਤਿਹਾਸਕਾਰ ਨਹੀਂ ਸਨ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਯਤੀਮਖਾਨਾ ਗੁਜਰਾਂਵਾਲਾ ਦੀ ਨੀਂਹ ਰੱਖੀ ਤੇ ਐਲਾਨ ਕੀਤਾ, ਇਥੇ ਗੁਰੂ ਨਾਨਕ ਸਾਹਿਬ ਜੀ ਆ ਕੇ ਬਿਰਾਜੇ ਸਨ। ਅਤੇ ਇਸ ਗੱਲ ਦੀ ਗਵਾਹੀ ਬਾਅਦ ਵਿਚ ਪੜਤਾਲ ਕਰਨ ਤੇ ਇਤਿਹਾਸ ਵਿਚ ਭੀ ਮਿਲ ਗਈ। ਅਨੁਭਵੀ ਪੁਰਖ ਦਸ ਤਾਂ ਸਕਦੇ ਹਨ ਕਿ ਪਿਛੇ ਕੀਕੂੰ ਹੋਇਆ, ਪਰ ਜੇ ਅਸੀਂ ਲਿਖਤੀ ਸਬੂਤ ਮੰਗੀਏ ਤਾਂ ਉਹ ਉਹਨਾਂ ਪਾਸੋਂ ਨਹੀਂ ਮਿਲ ਸਕਦੇ।

ਇਕ ਥਾਂ ਹੋਰ ਮਹਾਂ ਪੁਰਖਾਂ ਦੇ ਅਨੁਭਵ ਨਾਲ ਉਜਾਗਰ ਹੋਇਆ—ਦੂਖ ਨਿਵਾਰਨ ਸਾਹਿਬ ਪਟਿਆਲਾ।



www.AKJ.Org

ਇਹ ਪਹਿਲਾਂ ਜੰਗਲ ਬੀਆਬਾਨ ਹੁੰਦਾ ਸੀ, ਪਰ ਸਿਖ ਸੰਤਾਂ ਮਹਾਂ ਪੁਰਖਾਂ ਦੇ ਦ੍ਰਿੜ੍ਹ ਅਨੁਭਵ ਦਾ ਸਿੱਟਾ ਹੈ ਕਿ ਅਜ ਇਹ ਅਸਥਾਨ ਸਿਖ ਪੰਥ ਦਾ ਬੜਾ ਭਾਰੀ ਗੁਰਧਾਮ ਹੈ। ਇਸ ਪਰਥਾਏ ਲਿਖਤੀ ਹੁਕਮਨਾਮਾ ਬਾਅਦ ਵਿਚ ਮਿਲਿਆ। ਜੇ ਕਲ੍ਹ ਨੂੰ ਕੋਈ ਹੋਰ ਮੈਕਲੌਡ ਵਰਗਾ ਸਾਡੇ ਵਿਚ ਫ਼ਤੂਰ ਪਾਉਣ ਲਈ ਆ ਵੜੇ ਤੇ ਕਹੇ ਕਿ ਸ੍ਰੀ ਦੂਖ ਨਿਵਾਰਨ ਸਾਹਿਬ ਗ਼ਲਤ ਹੈ, ਤੁਸੀਂ ਸਾਬਤ ਕਰੋ, ਕਿ ਇਹ ਥਾਂ ਠੀਕ ਹੈ। ਸਾਡੇ ਲਈ ਮਸਲਾ ਔਖਾ ਹੋ ਜਾਣਾ ਹੈ।

ਅਸੀਂ ਐਸੇ ਪੜਾ ਤੇ ਖੜੇ ਹਾਂ ਕਿ ਜੋ ਕਵੀ ਸੰਤੋਖ ਸਿੰਘ, ਜਾਂ ਗਿਆਨੀ ਗਿਆਨ ਸਿੰਘ, ਜਾਂ ਗਿਆਨੀ ਰਤਨ ਸਿੰਘ ਭੰਗੂ ਨੇ ਲਿਖਿਆ, ਜਾਂ ਇਨ੍ਹਾਂ ਤੋਂ ਪਹਿਲਾਂ ਦੀਆਂ ਲਿਖਤਾਂ ਹਨ, ਦੇ ਆਧਾਰ ਤੇ ਸਿਖ ਵਿਦਵਾਨ ਤੇ ਇਤਿਹਾਸਕਾਰ ਰਲ ਕੇ ਬੈਠਣ ਤੇ ਆਪਣੇ ਇਤਿਹਾਸ ਨੂੰ ਇਕ ਮਿਆਰ ਬਖ਼ਸ਼ਣ ਤਾਂ ਕਿ ਉਸ ਅੰਦਰ ਗੁਰਮਤਿ ਦੀ ਸੇਧ, ਗੁਰੂ ਆਸ਼ੇ ਅਤੇ ਅਸੂਲਾਂ ਦੇ ਅਨੁਕੂਲ ਤਥ ਰਖ ਲਏ ਜਾਣ, ਜੋ ਮਨ-ਘੜਤ ਤੇ ਬੇਥਵੀਆਂ ਗੱਲਾਂ ਮਿਲਾਵਟ ਕੀਤੀਆਂ ਗਈਆਂ ਹਨ, ਕਢੀਆਂ ਜਾਣ। ਪਰ ਅਜਿਹਾ ਕਰਨ ਤੋਂ ਪਹਿਲਾਂ ਇਹ ਇਹਸਾਸ ਹੋਵੇ ਕਿ ਇਹ ਇਤਿਹਾਸ ਸਾਡਾ ਆਪਣਾ ਇਤਿਹਾਸ ਹੈ, ਇਸ ਦਾ ਆਧਾਰ ਸਿਦਕ ਹੋਵੇ; ਅਸ਼ਰਧਾ ਨਾ ਹੋਵੇ; ਇਸ ਦਾ ਆਧਾਰ ਸੱਚਾਈ ਤੇ ਗੁਰੂ ਆਸ਼ੇ ਹੋਣ ਜੋ ਸਦਾ ਅਟੱਲ ਹਨ, ਸਾਇੰਸ ਨਾ ਹੋਵੇ ਜੋ ਅਜ ਠੀਕ ਤੇ ਕਲ੍ਹ ਗ਼ਲਤ ਭੀ ਹੋ ਸਕਦੀ ਹੈ। ਜਿਨ੍ਹਾਂ ਗੁਰੂ ਸਾਹਿਬਾਨ ਨੇ ਸਾਡੇ ਲਈ ਤੱਤੀਆਂ ਤਵੀਆਂ ਤੇ ਬੈਠ ਕੇ ਆਪਾ ਵਾਰਿਆ ਹੋਵੇ, ਸ਼ਹੀਦੀਆਂ ਪਾਈਆਂ ਹੋਣ, ਸਰਬੰਸ ਵਾਰੇ ਹੋਣ, ਤੇ ਇਤਿਹਾਸ ਬਣਾਇਆ ਹੋਵੇ, ਉਨ੍ਹਾਂ ਦਾ ਇਤਿਹਾਸ ਘਟੋ ਘਟ ਉਸੇ ਢੰਗ ਨਾਲ, ਇਕ ਅਸ਼ਰਧਕ ਜਿਹੇ ਬਣ ਕੇ ਜਿਵੇਂ ਅਸੀਂ ਖ਼ਿਲਜੀ ਤੇ ਤੁਗ਼ਲਕ ਜਾਂ ਮੁਗ਼ਲ ਸਮਰਾਟਾਂ ਦਾ ਹਾਲ ਲਿਖਦੇ ਹਾਂ, ਨਾ ਲਿਖੀਏ।

(੩) ਜਾਂ ਸਿਖ ਇਤਿਹਾਸ **1708** ਤੋਂ ਬਾਅਦ ਦਾ ਹਿੱਸਾ ਕਾਲਜਾਂ ਵਿਚ ਪੜ੍ਹਾਇਆ ਜਾਏ। **1469–1708** ਤਕ ਦਾ ਹਿੱਸਾ ਤਾਂ ਗੁਰ ਇਤਿਹਾਸ ਹੈ, ਨਾ ਕਿ ਸਿਖ ਇਤਿਹਾਸ। ਗੁਰ ਇਤਿਹਾਸ ਬਾਰੇ ਅਜ ਤਕ ਜੋ ਕੁਝ ਲਿਖਿਆ ਜਾ ਚੁਕਾ ਹੈ, ਚਾਹੇ ਉਹ ਇੰਦੂ ਭੂਸ਼ਨ ਬੈਨਰਜੀ ਦਾ ਹੈ, ਜਾਂ ਗੋਕਲ ਚੰਦ ਨਾਰੰਗ ਦਾ ਹੈ, ਜਾਂ ਹਰੀ ਰਾਮ ਗੁਪਤਾ ਦਾ ਹੈ, ਜਾਂ ਕਿਰਪਾਲ ਸਿੰਘ ਨਾਰੰਗ ਦਾ ਹੈ, ਇਨ੍ਹਾਂ ਇਤਿਹਾਸਕਾਰਾਂ ਦੀਆਂ ਲਿਖਤਾਂ ਵਿਚ ਉਹ ਅਨੁਭਵੀ ਡੂੰਘਾਈਆਂ ਨਹੀਂ ਹਨ। ਗੁਰੂ ਇਤਿਹਾਸ ਦੀ ਤਹਿ ਤਕ ਪਹੁੰਚਣ ਲਈ ਇਤਿਹਾਸਕਾਰ ਗੁਰਮਤਿ ਦਾ ਅਨੁਭਵੀ, ਖੋਜੀ, ਤੇ ਪ੍ਰੇਮੀ ਬਣੇ, ਫੇਰ ਹੀ ਸਹੀ ਨਕਸ਼ਾ ਉਲੀਕਿਆ ਜਾ ਸਕੇਗਾ। ਪਰ ਸਾਡੇ ਸਾਇੰਟੀਫ਼ਿਕ ਇਤਿਹਾਸਕਾਰ ਕਹਿਣਗੇ ਕਿ ਇਹ ਤਾਂ ਪ੍ਰਭਾਵਿਤ (Biased) ਇਤਿਹਾਸਕਾਰ ਹੈ। ਗੁਰੂ ਨਾਨਕ–ਗੁਰੂ ਗੋਬਿੰਦ ਸਿੰਘ ਜੀ ਅਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜ਼ੀ ਤਕ "ਇਕਾ ਬਾਣੀ, ਇਕੁ ਗੁਰੁ, ਇਕੋ ਸਬਦੁ ਵੀਚਾਰਿ" ਦਾ ਸਰਲ ਨੁਕਤਾ ਜੋਤ-ਨੂਰ ਦੇ ਕ੍ਰਿਸ਼ਮੇ ਤੋਂ ਬਿਨਾ ਸਮਝ ਹੀ ਨਹੀਂ ਆ ਸਕਦਾ। ਅੰਮ੍ਰਿਤ ਛਕਾ ਕੇ ਭਾਰਤ ਦੀ ਲਿਤਾੜੀ ਹੋਈ ਜਨਤਾ ਨੂੰ ਸ਼ੇਰ ਬਣਾ ਦੇਣਾ ਨੂਰ ਦੀ ਕਰਾਮਾਤ ਹੈ। ਸਾਡੇ ਇਤਿਹਾਸ ਦੀ ਦੁਰਗਤੀ (irony) ਇਹ ਹੈ ਕਿ ਇਸ ਨੂੰ ਬਣਾਣ ਵਾਲੇ ਨੂਰੀ ਸਨ, ਪਰ ਲਿਖਣ ਵਾਲੇ ਬੇ-ਨੂਰੀ।

ਸਾਡੇ ਅਜ ਦੇ ਬੁਧੀਜੀਵੀ ਅਤੇ ਇਤਿਹਾਸਕਾਰ ਇਸ ਗੱਲ ਤੇ ਸਹਿਮਤ ਹਨ ਕਿ—

"ਏਤੀ ਮਾਰ ਪਈ ਕੁਰਲਾਣੇ, ਤੈਂ ਕੀ ਦਰਦੁ ਨ ਆਇਆ।" (ਆਸਾ ਮਹਲਾ ੧, ਪੰਨਾ ੩੬੦)

ਵਾਲੀ ਤੁਕ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਨੂੰ ਆਖੀ ਹੈ। ਸਾਰੀ ਬਾਣੀ ਵਿਚ ਕਿਸੇ ਗੁਰੂ ਸਾਹਿਬ ਜੀ ਨੇ ਅਕਾਲਪੁਰਖ ਨੂੰ ਉਲ੍ਹਾਮਾ ਨਹੀਂ ਦਿਤਾ, ਸਗੋਂ ਜੋ ਹੋ ਰਿਹਾ ਹੈ ਉਸ ਨੂੰ ਮਾਲਕ ਦਾ ਹੁਕਮ ਹੀ ਦਸਿਆ ਹੈ। ਇਸ ਲਈ ਜਦੋਂ ਸਾਡੇ ਬੁਧੀਜੀਵੀ ਇਸ ਸੇਧ ਤੋਂ ਦੁਰੇਡੇ ਰਹਿਣਗੇ, ਉਹ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਏ ਇਤਿਹਾਸਕ ਤਥਾਂ ਦੇ ਭੀ ਗ਼ਲਤ ਅਰਥ ਲਗਾ ਸਕਦੇ ਹਨ। ਮੇਰਾ ਯਕੀਨ ਹੈ ਕਿ ਉਪਰੋਕਤ ਗੁਰਵਾਕ ਲੋਧੀ ਬਾਦਸ਼ਾਹ ਲਈ ਆਇਆ ਹੈ, ਨਾ ਕਿ ਅਕਾਲ ਪੁਰਖ ਨੂੰ ਸੰਬੋਧਨ ਕੀਤਾ ਗਿਆ ਹੈ।

ਭਾਵ ਇਹ ਹੈ ਕਿ ਇਤਿਹਾਸਕ ਤਥਾਂ ਦੀ (Interpretation) ਵਿਆਖਿਆ ਕਰਨ ਲਈ ਗੁਰੂ-ਆਸ਼ੇ

[ਬਾਕੀ ਸਫ਼ਾ ੧੩ ਦੇ ਹੇਠ]



www.AKJ.Org

# ਜੀਵਨਾ ਸਫਲ ਜੀਵਨ

[ ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿਤਰ', ਮਾਲਬ, ਜ਼ਿਲਾ ਗੁੜਗਾਉਂ ]

"ਜੀਵਨਾ ਸਫਲ ਜੀਵਨ, ਸੁਨਿ ਹਰਿ ਜਪਿ ਜਪਿ ਸਦ ਜੀਵਨਾ" ॥ [ਮਾਰੂ ਮ: ੫,ਪੰਨਾ ੧੦੧੮

ਅਜੋਕੇ ਸਮੇਂ ਦੇ ਮਨੁੱਖ ਦਾ ਜੀਵਨ-ਮਨੋਰਥ ਦਿਨੋ ਦਿਨ ਪਦਾਰਥ-ਪ੍ਰਾਪਤੀ ਹੀ ਬਣਦਾ ਜਾ ਰਿਹਾ ਹੈ। ਇਸਨੂੰ ਇਹ ਚੇਤੇ ਹੀ ਨਹੀਂ ਰਿਹਾ ਕਿ ਮੈਨੂੰ ਨਿਰੰਕਾਰ ਨੇ ਜੀਉ ਪਿੰਡ ਦੇ ਕੇ ਸੰਸਾਰ ਵਿਚ ਆਪ ਨਾਮ ਜਪਣ ਤੇ ਹੋਰਨਾਂ ਨੂੰ ਨਾਮ ਲਈ ਪ੍ਰੇਰਨਾ ਦੇ ਕੇ ਮੋਖਸ਼-ਪ੍ਰਾਪਤੀ ਲਈ ਭੇਜਿਆ ਹੈ। ਇਸ ਨੂੰ ਇਹ ਭੁੱਲ ਗਿਆ ਹੈ ਕਿ ਮੈਨੂੰ ਚੋਰਾਸੀ ਲਖ ਜੂਨਾਂ ਵਿਚੋਂ 'ਅਸ਼ਰਫੁਲ ਮਖ਼ਲੂਕਾਤ' ਸਾਰੀਆਂ ਜੂਨੀਆਂ ਦਾ ਸਿਰਤਾਜ ਬਣਾ ਕੇ ਅਕਾਲ ਪੁਰਖ ਨੇ ਨਿਵਾਜਿਆ ਹੈ।

ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥ (੩੭੪)

ਮੋਹ ਮਮਤਾ ਵਿਚ ਫਸ ਕੇ ਮਨੁਖ ਗਿਆਨਵਾਨ ਹੁੰਦਿਆਂ ਅਗਿਆਨੀ ਬਣ ਗਿਆ ਹੈ। ਡੂੰਘੀ ਨਜ਼ਰ ਨਾਲ ਜਾਇਜ਼ਾ ਲਿਆ ਜਾਵੇ ਤਾਂ ਪਤਾ ਚਲਦਾ ਹੈ ਕਿ ਸੰਸਾਰ ਵਿਚ ਮਨੁਖ ਅਤੇ ਪਸ਼ੂ ਦੀ ਖਾਣ, ਪੀਣ, ਸੌਣ, ਭੋਗ ਆਦਿ ਕਿਰਿਆ ਇਕੋ ਜਹੀ ਹੈ। ਮਨੁਖ ਨੂੰ ਏਸੇ ਲਈ ਹੀ ਸ਼੍ਰੇਸ਼ਟ ਗਿਣਿਆ ਗਿਆ ਹੈ ਕਿ ਇਸ ਨੂੰ ਬੁਧਿ, ਗਿਆਨ ਤੇ ਵੀਚਾਰ ਪ੍ਰਾਪਤ ਹੈ। ਇਕ ਵਿਦਵਾਨ ਨੇ ਕਿਹਾ ਹੈ:—

ਨਿੰਦ੍ਰਾ ਭੋਜਨ ਭੋਗ ਤੈ, ਇਹ ਪਸ਼ੁ ਪੁਰਖ ਸਮਾਨ ॥
ਨਰਨ ਗਿਆਨ ਨਿਜ ਅਧਿਕਤਾ, ਗਿਆਨ ਬਿਨਾ ਪਸ਼ੁ ਜਾਨ ॥

ਸੰਸਾਰ ਦੇ ਸਾਰੇ ਧਰਮ-ਗ੍ਰੰਥ ਮਨੁੱਖ ਨੂੰ ਚੇਤਾਵਨੀ ਦੇਂਦੇ ਹਨ ਕਿ ਭਜਨ, ਸਿਮਰਨ, ਇਬਾਦਤ, ਬੰਦਗੀ ਵਿਹੂਣਾ ਮਨੁੱਖੀ ਜੀਵਨ ਸਫਲ ਜੀਵਨ ਅਖਵਾ ਹੀ ਨਹੀਂ ਸਕਦਾ, ਸਗੋਂ ਵਿਅਰਥ ਜੀਵਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਪਾਵਨ ਇਲਾਹੀ ਬਾਣੀ ਅੰਦਰ

---

[ਸਫਾ ੧੨ ਦੀ ਬਾਕੀ]

ਦੀ ਸੋਧ ਰਖਣੀ ਚਾਹੀਦੀ ਹੈ। ਸਾਡੇ ਇਤਿਹਾਸਕਾਰ ਖੁਲ੍ਹਮ-ਖੁਲ੍ਹਾ ਕਹਿੰਦੇ ਹਨ, ਕਿ "ਅਸੀਂ ਆਪਣੇ ਲਿਖੇ ਇਤਿਹਾਸ ਰਾਹੀਂ ਖ਼ਾਕ ਤੋਂ ਬਣੇ ਹੋਏ ਖ਼ਾਕੀ ਗੁਰੂ-ਸਾਹਿਬਾਨ ਦੇ ਦਰਸ਼ਨ ਕਰਾ ਸਕਦੇ ਹਾਂ। ਸਾਨੂੰ ਉਹ ਨੂਰੀ ਲਗੇ ਹੀ ਨਹੀਂ।" ਖ਼ਾਕੀ ਇਤਿਹਾਸ ਨੇ ਖ਼ਾਕੀ ਸਿਖ ਪੈਦਾ ਕਰ ਦਿਤੇ ਹਨ। ਨੂਰੀ ਇਤਿਹਾਸ ਬਣਾਣ ਦੀ ਤੇ ਪੜ੍ਹਾਣ ਦੀ ਵਧੇਰੇ ਲੋੜ ਹੈ।

ਗੁਰ-ਇਤਿਹਾਸ ਉਹ ਹੈ ਜੋ ਸਤਿਗੁਰਾਂ ਨੇ ਬਣਾਇਆ। ਇਸ ਵਿਚ ਨੂਰ ਦੇ ਕ੍ਰਿਸ਼ਮੇ ਭੀ ਆਉਣਗੇ ਤੇ ਮੰਨਣੇ ਪੈਣਗੇ। ਪੰਜਾਂ ਪਿਆਰਿਆਂ ਦੀ ਸਾਜਨਾ ਇਕ ਨੂਰੀ ਕ੍ਰਿਸ਼ਮਾ ਹੈ। ਬਕਰੇ ਨਹੀਂ ਝਟਕਾਏ ਗਏ।

"ਹਰਨ ਭਰਨ ਜਾ ਕਾ ਨੇਤ੍ਰ ਫੋਰੁ"

ਦੇ ਮਹਾਂ ਵਾਕ ਅਨੁਸਾਰ ਸਮਰਥ ਗੁਰੂ ਅਗੇ ਕਰਾਮਾਤਾਂ ਦਾਸੀਆਂ ਹੋਇ ਵਰਤੀਆਂ, ਪਰ ਇਨ੍ਹਾਂ ਦੀ ਵਰਤੋਂ ਉਨ੍ਹਾਂ ਨੇ ਨਿਜ-ਸਵਾਰਥ ਲਈ ਕਦੀ ਵੀ ਨਾ ਕੀਤੀ। ਉਹ ਤਾਂ ਨਿਰੋ ਨੂਰ ਸਨ। ਉਨ੍ਹਾਂ ਦੇ ਦਰਸ਼ਨ ਕਰ ਕੇ ਹਿਮਾਯੂੰ ਤੇ ਅਕਬਰ ਵਰਗੇ ਬਾਦਸ਼ਾਹ ਗਦ ਗਦ ਹੁੰਦੇ ਸਨ ਤੇ ਜਨ-ਸਾਧਾਰਨ ਨਾਲ ਪੰਗਤ ਵਿੱਚ ਬੈਠ ਕੇ ਲੰਗਰ ਛਕ ਲੈਂਦੇ ਸਨ। ਬਾਦਸ਼ਾਹ ਕਦੇ ਪੰਗਤ ਵਿੱਚ ਨਹੀਂ ਬੈਠੇ। ੧੮-੨੦ ਬਰਸ ਦੇ ਗੁਰੂ ਹਰਿਗੋਬਿੰਦ ਜੀ ਮਹਾਰਾਜ ਉਸ ਮੁਗ਼ਲ ਸਮਰਾਟ ਜਹਾਂਗੀਰ ਦੇ ਨਾਲ ਨਾਲ ਤੰਬੂ ਲਾ ਕੇ ਸ਼ਿਕਾਰ ਤੇ ਪ੍ਰਚਾਰ ਕਰਦੇ ਹਨ, ਜਿਸ ਸਮਰਾਟ ਨੇ (ਤੁਜ਼ਕੇ ਜਹਾਂਗੀਰੀ) ਆਪਣੀ ਕਿਤਾਬ ਵਿਚ ਇਕ ਥਾਂ ਲਿਖਿਆ ਸੀ ਕਿ ਕਈ ਚਿਰਾਂ ਤੋਂ ਮੈਂ ਇਹ (ਗੁਰੂਆਂ ਦੀ) ਦੁਕਾਨ ਬੰਦ ਕਰਨ ਦੀ ਸੋਚ ਰਿਹਾ ਸਾਂ, ਇਸ ਲਈ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਾਇਆ। ਪਰ ਨੂਰੀ ਦੇ ਨੂਰ ਨੇ ਉਸ ਸਮਰਾਟ ਦੇ ਖ਼ਿਆਲ ਬਦਲ ਦਿਤੇ। ਪਰਚਾਰ ਉਸਦੇ ਨਾਲ ਦੇ ਤੰਬੂ ਵਿਚ ਹੋ ਰਿਹਾ ਹੈ ਤੇ ਉਹ ਚੁਪ ਹੈ।

ਅਜ ਲੋੜ ਹੈ ਕਿ ਇਤਿਹਾਸਕਾਰ ਗੁਰ-ਇਤਿਹਾਸ ਨੂੰ ਨੂਰੀ ਅਨੁਭਵ ਨਾਲ ਲਿਖਣ।

★

www.AKJ.Org

ਤਾਂ ਏਸ ਗੱਲ ਦੀ ਪੁਸ਼ਟੀ ਲਈ ਅਨੇਕਾਂ ਪ੍ਰਮਾਣ ਵੇਖੇ ਜਾ ਸਕਦੇ ਹਨ; ਜਿਵੇਂ:—

ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥ ਅਨਿਕ ਸਾਜ ਸੀਗਾਰ ਬਹੁ ਕਰਤਾ, ਜਿਉ ਮਿਰਤਕੁ ਓਢਾਇਆ ॥ (੭੧੨)

ਥਾਂ ਥਾਂ ਤੇ ਮਨੁੱਖ ਨੂੰ ਸੰਬੋਧਨ ਕੀਤਾ ਗਿਆ ਹੈ ਕਿ ਤੈਨੂੰ ਇਹ ਸਰੀਰ ਮਿਲਿਆ ਹੀ ਸਿਮਰਨ, ਪ੍ਰਭੂ-ਭਗਤੀ ਲਈ ਹੈ —

ਆਇਓ ਸੁਨਨ ਪੜਨ ਕਉ ਬਾਣੀ ॥ (੧੨੧੯)

ਹਵਾਏ ਬੰਦਗੀ ਆਵੁਰਦ, ਦਰ ਵਜੂਦ ਮਰਾ ॥
ਵਗਰਨਹ ਜ਼ੌਕਿ ਚੁਨੀਂ ਆਮਦਨ,ਨ ਬੂਦ ਮਰਾ ॥
(ਗ਼ਜ਼ਲ ੧, ਭਾ: ਨੰਦ ਲਾਲ ਜੀ)

[ਭਜਨ ਤੇਰੇ ਦੀ ਸਿਕ ਅਸਾਨੂੰ ਵਿਚ ਸਰੀਰ ਲਿਆਈ, ਮੈਂਡਾ ਮਾਹੀ ॥ ਨਹੀਂ ਤਾਂ ਏਥੇ ਆਉਣ ਦੀ ਸਾਨੂੰ ਹਰਗਿਜ਼ ਲੋੜ ਨ ਆਹੀ, ਰਾਮ ਦੁਹਾਈ ॥]

ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮੁ ॥ (ਆਸਾ ਮ: ੫)

ਮਨੁੱਖੀ ਜੀਵਨ ਦੇ ਉਹੀ ਘੜੀਆਂ ਪਲ ਚਸੇ ਸਫਲ ਹਨ ਜੋ ਨਿਰੰਕਾਰ ਦੀ ਯਾਦ ਵਿਚ ਬਤੀਤ ਹੋਣ —

"ਸਾ ਵੇਲਾ ਸੋ ਮੂਰਤੁ ਸਾ ਘੜੀ ਸੋ ਮੁਹਤੁ ਸਫਲੁ ਹੈ ਮੇਰੀ ਜਿੰਦੁੜੀਏ, ਜਿਤੁ ਹਰਿ ਮੇਰਾ ਚਿਤਿ ਆਵੈ ਰਾਮ ॥ (ਬਿਹਾਗੜਾ ਮ: ੪, ੫੪੦)

ਜੀਵਨੁ ਤਉ ਗਨੀਐ ਹਰਿ ਪੇਖਾ ॥
(ਸਾਰਗ ਮ: ੫, ੧੨੨੧

ਖੁਸ਼ ਅਸਤ ਉਮਰ ਕਿ ਦਰ ਯਾਦ ਬ-ਗੁਜ਼ਰਦ ॥
(ਭਾ: ਨੰਦ ਲਾਲ ਜੀ

ਉਮਰ ਉਹਾ ਵਿਚ ਲੇਖੇ ਦੇ, ਜੋ ਯਾਦ ਸਾਈਂ ਵਿਚ ਗੁਜ਼ਰੇ, ਪੈਂਦੀ ਮੁਜਰੇ ॥ (ਗਰੀਬ)

ਗੁਰਬਾਣੀ ਵਿਚੋਂ ਅਨੇਕਾਂ ਪ੍ਰਮਾਣਾਂ ਦੁਆਰਾ, ਸੁਆਸ ਸੁਆਸ ਨਾਮ ਜਪਦਿਆਂ, ਸਿਮਰਨ ਕਰਦਿਆਂ ਜੀਵਨ ਸਫਲ ਕਰਨ ਦੀ ਪ੍ਰੇਰਨਾ ਪ੍ਰਾਪਤ ਹੁੰਦੀ ਹੈ ।

ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ, ਮਤੁ ਕਿ ਜਾਪੈ ਸਾਹੁ ਆਵੈ ਕਿ ਨਾ ਆਵੈ ਰਾਮ ॥ (੫੪੦

ਜੀਵਨਾ ਹਰਿ ਜੀਵਨਾ, ਜੀਵਨੁ ਹਰਿ ਜਪਿ ਸਾਧ ਸੰਗਿ ॥ (ਧਨਾਸਰੀ ਮ: ੫, ੬੮੪

ਨਾਮੁ ਜਪੇ ਜਪਿ ਜੀਵਣਾ, ਗੁਰਿ ਮੰਤ੍ਰ ਦ੍ਰਿੜਾਇਆ ॥ (ਆਸਾ ਮ: ੫, ੩੯੯

ਅਰਾਧਉ ਤੁਝਹਿ ਸੁਆਮੀ ਅਪਨੇ ॥ ਊਠਤ ਬੈਠਤੁ ਸੋਵਤ ਜਾਗਤੁ, ਸਾਸਿ ਸਾਸਿ ਸਾਸਿ ਹਰਿ ਜਪਨੇ ॥ (ਕਾਨੜਾ ਮ: ੫, ੧੨੯੮

ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥ (ਸੁਖਮਨੀ ਸਾਹਿਬ, ੨੮੬

ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ ॥ (ਆਸਾ ਮ: ੫, ੩੮੬

ਊਠਤ ਬੈਠਤ ਸੋਵਤ ਜਾਗਤ, ਸਦਾ ਸਦਾ ਹਰਿ ਧਿਆਈਐ ॥ (ਆਸਾ ਮ: ੫, ੩੭੯

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ, ਸਾਸਿ ਸਾਸਿ ਸਮਾਲੇ ॥ (ਧਨਾਸਰੀ ਮ: ੫, ੬੭੯

ਸੰਸਾਰ-ਯਾਤ੍ਰਾ ਉਸੇ ਦੀ ਸਫਲ ਹੋ ਸਕਦੀ ਹੈ, ਚੌਰਾਸੀ ਦਾ ਗੇੜ (ਆਵਾਗਵਨ) ਉਸੇ ਦਾ ਹੀ ਸਮਾਪਤ ਹੁੰਦਾ ਹੈ, ਭਾਵ ਜੰਮਣ ਮਰਨ ਤੋਂ ਬੰਦ ਖ਼ਲਾਸ ਉਸੇ ਦੀ ਹੋ ਸਕਦੀ ਹੈ ਜਿਸ ਨੂੰ ਸੁਆਸ ਸੁਆਸ ਨਾਮ ਜਪਣ ਵਾਲੀ ਸਾਧ ਸੰਗਤ ਵਿਚ ਰਹਿ ਕੇ ਪੰਜ ਪਿਆਰਿਆਂ ਦੁਆਰਾ ਸ਼ਬਦ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਨਾਮ ਜਪਣ ਦੀ ਜੁਗਤਿ ਪ੍ਰਾਪਤ ਹੋਈ ਹੈ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ 'ਨਿਰਮਲ ਪੰਥ' ਦੇ ਨਿਰਮਲ ਅਸੂਲਾਂ ਤੇ ਅਮਲ ਕਰਦਾ ਹੋਇਆ ਦਾਤਾਰ ਕਲਗੀਧਰ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ ਖੰਡੇਧਾਰ ਪਾਹੁਲ ਛਕ ਕੇ ਰਹਿਤ ਬਹਿਤ ਦਾ ਪ੍ਰਪੱਕ ਧਾਰਨੀ ਹੋ ਗਿਆ ਹੈ, ਉਸ ਦੇ ਅੰਤਰ ਆਤਮੇ ਗੁਰੂ-ਕਿਰਪਾ ਅਨੁਸਾਰ

[ਬਾਕੀ ਸਫ਼ਾ ੭੫ ਦੇ ਹੇਠ]

www.AKJ.org

# ਸ਼ਹੀਦੀ ਸਾਕਾ ਨਨਕਾਣਾ ਸਾਹਿਬ

[ ਵਲੋਂ — ਸ: ਦੀਦਾਰ ਸਿੰਘ ਜੀ, ਰੋਪੜ ]

ਸ੍ਰੀ ਦਸਮੇਸ਼ ਜੀ ਤੋਂ ਮਗਰੋਂ ਜਦ ਸਿੰਘਾਂ ਉਪਰ ਬਹੁਤ ਜ਼ੁਲਮ ਹੋਣ ਲਗੇ, ਇਨ੍ਹਾਂ ਦੇ ਸਿਰਾਂ ਦੇ ਮੁਲ ਪੈਣ ਲਗੇ ਤਾਂ ਉਸ ਔਖੇ ਸਮੇਂ ਤੋਂ ਬਚਣ ਲਈ ਇਕ ਤਰੀਕਾ ਇਹ ਵਰਤਿਆ ਗਿਆ ਕਿ ਸਾਰੀ ਕੌਮ ਸ਼ਹਿਰ ਅਤੇ ਪਿੰਡ ਛੱਡ ਕੇ ਜੰਗਲਾਂ ਅਤੇ ਪਹਾੜਾਂ ਵਿਚ ਚਲੀ ਗਈ। ਉਸ ਸਮੇਂ ਸਾਡੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ-ਸੰਭਾਲ ਉਦਾਸੀ ਸਾਧ ਕਰਨ ਲਗ ਪਏ।

ਇਹ ਸਾਧ, ਸੇਵਾ ਦੇ ਪੁੰਜ ਅਤੇ ਬੜੇ ਭਜਨ-ਬੰਦਗੀ ਵਾਲੇ ਉਪਕਾਰੀ ਸਨ। ਪਰ ਸਮੇਂ ਦੇ ਬਦਲਣ ਨਾਲ ਇਨ੍ਹਾਂ ਵਿਚ ਵੀ ਕਮਜ਼ੋਰੀਆਂ ਦਿਨੋ ਦਿਨ ਵਧਦੀਆਂ ਗਈਆਂ। ਇਨ੍ਹਾਂ ਸਾਧਾਂ ਨੂੰ ਮਹੰਤ ਕਿਹਾ ਜਾਂਦਾ ਸੀ। ਅੰਗਰੇਜ਼ਾਂ ਦੇ ਰਾਜ ਸਮੇਂ ਇਨ੍ਹਾਂ ਵਿਚ ਕਈ ਸ਼ਰਾਬੀ-ਕਬਾਬੀ ਅਤੇ ਭੈੜੇ ਆਚਰਨ ਵਾਲੇ ਹੋ ਗਏ।

ਇਨ੍ਹਾਂ ਮਹੰਤਾਂ ਵਿਚੋਂ ਇਕ ਮਹੰਤ ਨਰਾਇਣ ਦਾਸ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਪੁਜਾਰੀ ਸੀ, ਜੋ ਕਿ ਸ਼ਰਾਬਾਂ ਪੀਂਦਾ, ਵੇਸਵਾ ਦੇ ਨਾਚ ਮੁਜਰੇ ਵੇਖਦਾ ਅਤੇ ਹੋਰ ਕਈ ਮਾੜੇ ਕੰਮ ਕਰਦਾ। ਜਦ ਇਸ ਦੇ ਹੁੰਦਿਆਂ ਦਰਸ਼ਨਾਂ ਲਈ ਆਏ ਯਾਤਰੂਆਂ ਦੀਆਂ ਧੀਆਂ ਭੈਣਾਂ ਦੀ ਇਜ਼ਤ ਵੀ ਲੁਟੀ ਜਾਣ ਲਗੀ ਤਾਂ ਸਾਰੇ ਸਿਖ ਜਗਤ ਵਿਚ ਹਾਹਾਕਾਰ ਮਚ ਗਈ।

ਉਸ ਸਮੇਂ ਗੁਰਦੁਆਰਿਆਂ ਨੂੰ ਇਹੋ ਜਿਹੇ ਮਹੰਤਾਂ ਤੋਂ ਛੁਡਾਉਣ ਲਈ ਇਕ ਲਹਿਰ ਚਲੀ, ਜਿਸ ਨੂੰ ਅਕਾਲੀ ਲਹਿਰ ਕਿਹਾ ਜਾਂਦਾ ਸੀ। ਇਸ ਲਹਿਰ ਨੇ ਕਈ ਗੁਰਦੁਆਰੇ ਮਹੰਤਾਂ ਤੋਂ ਛੁਡਵਾ ਲਏ ਸਨ। ਮਹੰਤ ਨਰਾਇਣ ਦਾਸ ਨੇ ਇਸੇ ਡਰ ਦੇ ਮਾਰੇ ਆਪਣੇ ਕੋਲ ਕਈ ਡਾਕੂ-ਬਦਮਾਸ਼ ਅਤੇ ਪਠਾਣ, ਅੰਗਰੇਜ਼ ਸਰਕਾਰ ਦੀ ਸ਼ਹਿ ਤੇ ਨੌਕਰ ਰਖ ਲਏ।

ਇਹ ਵੇਖ ਕੇ ਨਨਕਾਣੇ ਸਾਹਿਬ ਦੇ ਆਲੇ ਦੁਆਲੇ ਦੇ ਪਿੰਡਾਂ ਅਤੇ ਸ਼ਹਿਰਾਂ ਦੇ ਸਿਖਾਂ ਦੀ ਗ਼ੈਰਤ ਜਾਗੀ। ਉਨ੍ਹਾਂ ਨੇ ਅੰਦਰੋ ਅੰਦਰ ਸਲਾਹ ਕਰ ਕੇ ਹਜ਼ਾਰਾਂ ਦੀ ਗਿਣਤੀ ਵਿਚ ਇਕ ਰਾਤ ਇਕੱਠੇ ਤੇ ਅਚਾਨਕ ਗੁਰ-ਦੁਆਰੇ ਵਿਚ ਦਾਖ਼ਲ ਹੋ ਕੇ ਕਬਜ਼ਾ ਕਰਨ ਦੀ ਸਲਾਹ ਬਣਾ ਲਈ।

ਪਰ ਐਨ ਮੌਕੇ ਤੇ ਸਿਖ ਲੀਡਰਾਂ (ਸ਼੍ਰੋਮਣੀ ਕਮੇਟੀ) ਨੂੰ ਪਤਾ ਲਗ ਜਾਣ ਤੇ ਉਨ੍ਹਾਂ ਨੇ ਇਸ ਤਰ੍ਹਾਂ ਕਰਨ ਦੀ ਮਨਾਹੀ ਕਰ ਦਿਤੀ, ਕਿਉਂਕਿ ਕਮੇਟੀ ਦੀ ਅੰਗਰੇਜ਼ ਸਰਕਾਰ ਅਤੇ ਮਹੰਤਾਂ ਨਾਲ ਇਸ ਵਿਸ਼ੇ ਤੇ ਗਲਬਾਤ ਚਲ ਰਹੀ ਸੀ।

ਇਲਾਕੇ ਦੇ ਮੁਖੀਆਂ ਨੇ ਪੰਥਕ ਆਗੂਆਂ ਦੇ ਹੁਕਮ ਅਨੁਸਾਰ ਥਾਉਂ ਥਾਈਂ ਜਥਿਆਂ ਨੂੰ ਨੀਅਤ ਸਮੇਂ ਉਤੇ, ਨੀਅਤ ਥਾਂ ਤੇ ਪੁਜਣ ਤੇ ਰੋਕ ਲਿਆ। ਪਰ ਪਿੰਡ ਧਾਲੋਵਾਲੀ (ਸ਼ੇਖ਼ੂਪੁਰਾ) ਦੇ ਜਥੇ, ਜਿਸ ਦੇ ਮੁਖੀ

---

[ਸਫ਼ਾ ੧੪ ਦੀ ਬਾਕੀ]

ਸੁਖ ਦਾ ਨਿਵਾਸ ਹੋਇਆ ਹੈ।

ਨਾਮੁ ਲੈਤ ਕਿਛੁ ਬਿਘਨੁ ਨ ਲਾਗੈ ॥ ਨਾਮੁ ਸੁਣਤ ਜਮੁ ਦੂਰਹੁ ਭਾਗੈ ॥

ਨਾਮੁ ਲੈਤ ਸਭ ਦੂਖਹ ਨਾਸੁ ॥ ਨਾਮ ਜਪਤ ਹਰਿ ਚਰਣ ਨਿਵਾਸੁ ॥੧॥ (ਭੈਰਉ ਮ: ੫, ੧੧੫੦

ਸਫਲ ਜਨਮੁ ਮੋਕਉ ਗੁਰ ਕੀਨਾ ॥

ਦੁਖ ਬਿਸਾਰਿ ਸੁਖ ਅੰਤਰਿ ਲੀਨਾ ॥

(ਬਿਲਾਵਲ ਨਾਮਦੇਵ ਜੀ, ੮੫੭

ਸਫਲ ਸਫਲ ਭਈ ਸਫਲ ਜਾਤ੍ਰਾ ॥ ਆਵਣ ਜਾਣ ਰਹੇ ਮਿਲੇ ਸਾਧਾ ॥ (ਧਨਾਸਰੀ ਮ: ੫, ੬੮੭

ਮਨੁੱਖੀ ਜੀਵਨ ਦੀ ਸਫ਼ਲਤਾ ਦਾ ਅੰਤਮ ਪੜਾਅ ਹੈ ਵਾਹਿਗੁਰੂ-ਪ੍ਰਾਪਤੀ 'ਨਿਜ ਘਰ ਵਾਸਾ'। ਜਿਸ ਲਈ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਉਪਦੇਸ਼ ਬਖ਼ਸ਼ਦੇ ਹਨ :—

ਜਾ ਕਉ ਆਏ ਸੋਈ ਬਿਹਾਝਉ, ਹਰਿ ਗੁਰ ਤੇ ਮਨਹੁ ਬਸੇਰਾ ॥ ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ, ਬਹੁਰਿ ਨ ਹੋਇਗੋ ਫੇਰਾ ॥ (ਪੰਨਾ ੧੩

www.AKJ.Org

ਭਾ: ਲਛਮਣ ਸਿੰਘ ਜੀ ਸਨ, ਨੂੰ ਪਹਿਲਾਂ ਇਤਲਾਹ ਨ ਪੁਜੀ ।

ਇਹ ਜਥਾ ਪਿੰਡ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਅਰਦਾਸ ਕਰ ਕੇ ਚਲਿਆ ਸੀ ਕਿ ਜਾਂ ਤਾਂ ਸ਼ਹੀਦੀ ਪਾਵਾਂਗੇ ਜਾਂ ਗੁਰਦੁਆਰੇ ਨੂੰ ਮਹੰਤ ਤੋਂ ਆਜ਼ਾਦ ਕਰਵਾਵਾਂਗੇ ।

ਜਦ ਇਹ ਜਥਾ ਨਨਕਾਣੇ ਸਾਹਿਬ ਦੀ ਜੂਹ ਵਿਚ ਪੁਜਾ ਤਾਂ ਇਸ ਨਾਲ **200** ਸਿੰਘ ਸਨ । ਇਨ੍ਹਾਂ ਤੋਂ ਜਥੇਦਾਰ ਨੇ ਅਗੇ ਦਾ ਸਾਰਾ ਹਾਲ ਦਸ ਕੇ, ਕਿ ਉਥੇ ਗੁੰਡਿਆਂ ਨੇ ਹਮਲਾ ਵੀ ਕਰਨਾ ਹੈ, ਪੂਰਨ ਸ਼ਾਂਤਮਈ ਰਹਿਣ ਲਈ ਪ੍ਰਣ ਲਿਆ ।

ਜਥੇ ਨੇ ਨਨਕਾਣੇ ਸਾਹਿਬ ਨਗਰ ਦੀ ਹਦ ਵਿਚ ਦਾਖ਼ਲ ਹੋਣ ਸਮੇਂ ਫੇਰ ਅਰਦਾਸ ਕੀਤੀ ਕਿ ਹੇ ਗੁਰੂ ਨਾਨਕ ਦੇਵ ਜੀ ! ਅਸੀਂ ਤੇਰੇ ਦਰ ਦੇ ਕੂਕਰ ਤੇਰੇ ਦਰਬਾਰ ਦੇ ਦਰਸ਼ਨਾਂ ਨੂੰ ਆਏ ਹਾਂ ਅਤੇ ਇਹ ਇਰਾਦਾ ਕਰ ਕੇ ਆਏ ਹਾਂ ਕਿ ਤੇਰੇ ਦਰਬਾਰ ਵਿਚ ਹੋ ਰਹੀਆਂ ਕੁਰੀਤੀਆਂ ਨੂੰ ਆਪਣਾ ਖ਼ੂਨ ਦੇ ਕੇ ਧੋਈਏ । ਇਸ ਲਈ ਸਚੇ-ਪਾਤਸ਼ਾਹ ! ਤੂੰ ਬਲ ਬਖ਼ਸ਼ੀਂ ਤਾਂ ਜੁ ਅਸੀਂ ਇਸ ਇਰਾਦੇ ਵਿਚ ਸਫ਼ਲ ਹੋਈਏ ਅਤੇ ਇਹ ਮਿਟੀ ਦੀਆਂ ਮੜ੍ਹੋਲੀਆਂ (ਸਰੀਰ) ਤੇਰੇ ਚਰਨਾਂ ਵਿਚ ਲਗ ਜਾਣ ।

ਜਥਾ ਅਰਦਾਸ ਕਰ ਕੇ ਤੁਰਨ ਹੀ ਲਗਾ ਸੀ ਕਿ ਪੰਥਕ ਆਗੂਆਂ ਦਾ ਸੁਨੇਹਾ ਪੁਜਾ ਅਤੇ ਵਾਪਸ ਪਰਤਣ ਲਈ ਜ਼ੋਰ ਲਾਇਆ ਗਿਆ । ਪਰ ਉਨ੍ਹਾਂ ਸਿੰਘਾਂ ਨੂੰ ਇਹ ਗੱਲ ਯਾਦ ਸੀ ਕਿ ਭਾਵੇਂ ਕੁਝ ਹੋ ਜਾਵੇ, ਸਿਖ ਅਰਦਾਸ ਕਰ ਕੇ ਕਦੇ ਵੀ ਪਿਛੇ ਨਹੀਂ ਹਟਦੇ । ਸੋ ਉਨ੍ਹਾਂ ਨੇ ਅਰਦਾਸ ਦੇ ਸਤਿਕਾਰ ਨੂੰ ਮੁਖ ਰਖਦਿਆਂ ਪਿਛੇ ਪਰਤਣ ਦਾ ਖ਼ਿਆਲ ਤਕ ਹੀ ਨਾ ਕੀਤਾ ਅਤੇ ਨਾ ਹੀ ਰੁਕ ਜਾਣਾ ਮੰਨਿਆ। ਉਸ ਵੇਲੇ ਉਨ੍ਹਾਂ ਦੇ ਦਿਲਾਂ ਵਿਚ ਗੁਰਦੁਆਰਿਆਂ ਵਿਚ ਹੋ ਰਹੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਕੁਰਬਾਨੀ ਦਾ ਜੋਸ਼ ਠਾਠਾਂ ਮਾਰ ਰਿਹਾ ਸੀ ।

ਜਥਾ ਸਾਰੀ ਰਾਤ ਪੈਦਲ ਸਫ਼ਰ ਕਰਨ ਮਗਰੋਂ ਸਵੇਰੇ ਗੁਰਦੁਆਰਾ ਜਨਮ-ਅਸਥਾਨ ਵਿਚ ਦਾਖ਼ਲ ਹੋ ਗਿਆ । ਭਾਈ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਬੈਠ ਗਏ ਅਤੇ ਬਾਕੀ ਸਿੰਘ ਸਾਹਮਣੇ ਬੈਠ ਕੇ ਆਸਾ ਦੀ ਵਾਰ ਦਾ ਪਾਠ ਕਰਨ ਲਗ ਪਏ ।

ਮਹੰਤ ਸਾਰੀ ਕਾਰਵਾਈ ਦੇਖ ਰਿਹਾ ਸੀ । ਉਸ ਨੇ ਝਟ ਪਟ ਰਖੇ ਹੋਏ ਬੰਦਿਆਂ ਨੂੰ ਨੀਯਤ ਕਾਰਵਾਈ ਕਰਨ ਦਾ ਹੁਕਮ ਦੇ ਦਿਤਾ। ਉਨ੍ਹਾਂ ਨੌਕਰ ਰਖੇ ਹੋਏ ਪਠਾਣਾਂ ਅਤੇ ਬਦਮਾਸ਼ਾਂ ਨੇ ਨਿਹੱਥੇ ਸਿੰਘਾਂ ਉਤੇ ਤਾੜ ਤਾੜ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿਤੀਆਂ । ਕਈ ਗੋਲੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਲਗੀਆਂ ।

ਭਾਈ ਦਲੀਪ ਸਿੰਘ ਜੀ ਉਸ ਵੇਲੇ ਉਥੇ ਹੀ ਇਕ ਕਾਰਖ਼ਾਨੇ ਵਿਚ ਸਨ । ਗੋਲੀਆਂ ਦੀ ਤਾੜ ਤਾੜ ਅਵਾਜ਼ ਸੁਣ ਕੇ ਉਨ੍ਹਾਂ ਦਾ ਖ਼ੂਨ ਉਬਲ ਉਠਿਆ ਅਤੇ ਉਹ ਨੱਠੇ ਨੱਠੇ ਜਨਮ-ਅਸਥਾਨ ਵਲ ਆਏ । ਪਰ ਬੇ-ਤਰਸ ਹਤਿਆਰੇ ਮਹੰਤ ਦੇ ਇਸ਼ਾਰੇ ਤੇ ਗੁੰਡਿਆਂ ਨੇ ਉਨ੍ਹਾਂ ਨੂੰ ਚੁਕ ਕੇ ਲਾਗੇ ਹੀ ਲਟ ਲਟ ਭਖ ਰਹੀ ਭੱਠੀ ਵਿਚ ਝੋਕ ਦਿਤਾ । ਇਉਂ ਉਹ ਉਥੇ ਹੀ ਸ਼ਹੀਦੀ ਜਾਮ ਪ੍ਰਾਪਤ ਕਰ ਕੇ ਆਪਣੀ ਅਹੂਤੀ ਦੇ ਗਏ ।

ਜਦ ਸਾਰੇ ਸਿੰਘ ਗੋਲੀਆਂ ਲੱਗਣ ਨਾਲ ਡਿਗ ਪਏ ਤਾਂ ਮਹੰਤ ਆਪਣੇ ਆਦਮੀਆਂ ਸਮੇਤ ਉਥੇ ਨੇੜੇ ਪੁਜਾ ਅਤੇ ਬਰਛਿਆਂ ਗੰਡਾਸਿਆਂ ਨਾਲ ਫਟੜਾਂ ਜੀਉਂਦਿਆਂ ਦੇ ਹੀ ਟੁਕੜੇ ਕਰਨ ਲੱਗਾ । ਚਾਰੋਂ ਪਾਸੇ ਖ਼ੂਨ ਦੇ ਫੁਹਾਰੇ ਚਲ ਪਏ । ਪਰ ਕੀ ਮਜਾਲ, ਇਸ ਸ਼ਹੀਦਾਂ ਦੀ ਕੌਮ ਦੇ ਕਿਸੇ ਇਕ ਵੀ ਜਵਾਨ ਨੇ "ਹਾਏ" ਆਖੀ ਹੋਵੇ ਜਾਂ "ਸੀ" ਕੀਤੀ ਹੋਵੇ । ਇਨ੍ਹਾਂ "ਸੂਰਬੀਰ ਬਚਨ ਕੇ ਬਲੀ" ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਲਈ ਇਨ੍ਹਾਂ ਨੂੰ ਤੇਲ ਪਾ ਕੇ ਸਾੜਿਆ ਗਿਆ । ਭਾ: ਲਛਮਣ ਸਿੰਘ ਜੀ ਨੂੰ ਦਰੱਖ਼ਤ (ਜੰਡ) ਨਾਲ ਟੰਗ ਕੇ ਤੇਲ ਪਾ ਕੇ ਜੀਉਂਦਿਆਂ ਸਾੜਿਆ ਗਿਆ । ਇਸ ਸਾਕੇ ਵਿਚ ੮੬ ਸ਼ਹੀਦੀ ਪਾ ਗਏ ਸਿੰਘਾਂ ਦੇ ਨਾਂ ਪਤੇ ਮਿਲਦੇ ਹਨ ।

ਇਸ ਤਰ੍ਹਾਂ ਇਨ੍ਹਾਂ ਮਹਾਨ ਸ਼ਹੀਦਾਂ ਨੇ ਗੁਰੂ ਸਾਹਿਬਾਂ ਦੀ ਬਖ਼ਸ਼ੀ ਹੋਈ ਕੁਰਬਾਨੀ ਦੀ ਸਪਿਰਿਟ ਨੂੰ ਮੁੜ ਨਵੇਂ ਸਿਰਿਓਂ ਸੁਰਜੀਤ ਕਰ ਦਿਤਾ । ਇਹ ਸ਼ਹੀਦੀ ਸਾਕਾ **21** ਫ਼ਰਵਰੀ **1921** ਨੂੰ ਸਵੇਰੇ **6** ਵਜੇ ਵਰਤਿਆ ਸੀ । ਉਸ ਦਿਨ ਤੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਲਈ ਕੁਰਬਾਨੀਆਂ ਦੇਣ ਵਾਲਿਆਂ ਦੀ ਕੁਰਬਾਨੀ ਸਾਡੀ ਰੋਜ਼ ਦੀ ਅਰਦਾਸ ਵਿਚ ਸ਼ਾਮਲ ਹੋ ਗਈ ।


www.AKJ.Org

# ਮਾਈ ਜੱਸੀ ਜੀ

[ ਵਲੋਂ—ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ-੩੧ ]

ਆਗਰੇ ਦੀ ਮਾਈ ਜੱਸੀ, ਸਿੱਖ ਇਤਿਹਾਸ ਵਿਚ ਬੜੀ ਪ੍ਰਸਿੱਧ ਹੈ। ਆਪ ਦੀ ਪਵਿੱਤਰ ਯਾਦ ਵਿਚ 'ਮਾਈ ਥਾਨ' ਨਾਂ ਦਾ ਇਤਿਹਾਸਕ ਗੁਰਦਵਾਰਾ ਕਾਇਮ ਹੈ।

ਮਾਈ ਜੱਸੀ ਜੀ ਬਚਪਨ ਤੋਂ ਹੀ ਧਾਰਮਕ ਖ਼ਿਆਲਾਂ ਵਾਲੀ ਸੁੱਚੀ ਆਤਮਾ ਸੀ। ਆਪ ਅਨਮਤੀ ਅਵਤਾਰਾਂ ਦੀ ਪੂਜਾ ਕੀਤਾ ਕਰਦੇ ਸਨ। ਮੂਰਤੀ-ਪੂਜਾ ਕਰਨ ਲਗਿਆਂ ਆਪ ਦੇ ਦਿਲੋਂ ਇਹ ਹੂਕ ਉਠਦੀ ਸੀ —

'ਮਾਲਕਾ! ਮੈਨੂੰ ਮੁਕਤੀ ਦਾਨ ਬਖ਼ਸ਼ੋ।' ਪਰ ਇਹ ਕੁਝ ਕਰਨ ਦੇ ਬਾਵਜੂਦ ਵੀ ਆਪ ਦੇ ਮਨ ਨੂੰ ਕਦੀ ਸ਼ਾਂਤੀ ਨਹੀਂ ਸੀ ਆਈ। ਉਸ ਨੂੰ ਇਉਂ ਲਗਦਾ ਸੀ—ਮੈਨੂੰ ਕਦੀ ਮੁਕਤੀ ਨਸੀਬ ਨਹੀਂ ਹੋਏਗੀ। ਮੇਰੀ ਅਰਦਾਸ ਥਾਇ ਨਹੀਂ ਪੈਂਦੀ। ਮੇਰੇ ਅੰਦਰ ਕੋਈ ਖੋਖਲਾ-ਪਨ ਹੈ। ਮੈਂ ਕੀ ਕਰਾਂ? ਕਿਵੇਂ ਵੀ ਧੀਰਜ ਨਹੀਂ ਬਝਦੀ। ਜੇ ਭਗਤੀ ਕਰਦੀ ਹਾਂ ਤਾਂ ਮਨ ਟਿਕਦਾ ਨਹੀਂ। ਜੇ ਮਨ ਨ ਟਿਕਿਆ ਤਾਂ ਮੁਕਤੀ ਕਿਥੋਂ ਹੋਣੀ ਹੋਈ? ਫਿਰ ਅਜੇ ਤਕ ਇਹ ਵੀ ਪਤਾ ਨਹੀਂ ਕਿ ਭਗਤੀ ਕਿਹੜੀ ਕਰਨੀ ਠੀਕ ਹੈ? ਜੇ ਕਿਸੇ ਨੇ ਕਿਹਾ ਕਿ ਰਾਮ ਦੀ ਪੂਜਾ ਕਰਿਆ ਕਰੋ ਤਾਂ ਘਰ ਵਿਚ ਰਾਮ ਦੀ ਮੂਰਤੀ ਰਖ ਕੇ ਪੂਜਣ ਲਗ ਪਈ। ਫਿਰ ਕਿਸੇ ਨੇ ਸਲਾਹ ਦਿਤੀ ਕਿ ਨਹੀਂ, ਕ੍ਰਿਸ਼ਨ ਨੂੰ ਧਿਆਇਆ ਕਰੋ ਤਾਂ ਕ੍ਰਿਸ਼ਨ ਨੂੰ ਧਿਆਉਣਾ ਸ਼ੁਰੂ ਕਰ ਦਿਤਾ। ਫਿਰ ਜੇ ਕੋਈ ਹੋਰ ਬੋਲਿਆ—ਦੇਵੀ ਦੇਵਤਿਆਂ ਨੂੰ ਯਾਦ ਕਰਨਾ ਤੇਰੇ ਲਈ ਸਭ ਤੋਂ ਅੱਛਾ ਹੈ ਤਾਂ ਮਨ ਉਸੇ ਪਾਸੇ ਮੋੜਿਆ। ਗੱਲ ਕੀ, ਜਿਤਨੇ ਮੂੰਹ ਉਤਨੀਆਂ ਸਲਾਹਾਂ। ਮੈਂ ਤਾਂ ਕਿਸੇ ਦਾ ਆਖਾ ਨਹੀਂ ਮੋੜਿਆ। ਹੁਣ ਤਾਂ ਉਮਰ ੪੦ ਸਾਲ ਤੋਂ ਉਪਰ ਟਪ ਚਲੀ ਹੈ। ਇਸੇ ਲਗਨ ਪਿਛੇ ਵਿਆਹ ਵੀ ਨਹੀਂ ਕਰਾਇਆ। ਖ਼ੈਰ! ਕਦੀ ਤਾਂ ਰੱਬ ਮਿਹਰ ਕਰੇਗਾ।

ਇਹ ਸੀ ਮਾਈ ਜੱਸੀ ਜੀ ਦੇ ਦਿਲ ਦੇ ਵਲਵਲੇ ਅਤੇ ਖ਼ਿਆਲ। ਚਾਹੇ ਆਪ ਅਗਿਆਨਤਾ ਦੇ ਕਾਰਨ ਅਜੇ ਅੰਧੇਰੇ ਵਿਚ ਪਏ ਸਨ, ਪਰ ਆਪ ਦਾ ਮਨ ਬੜਾ ਸਾਫ਼ ਸੀ। ਆਪ ਨੇ ਕਦੀ ਕਿਸੇ ਨਾਲ ਕਪਟ ਜਾਂ ਛਲ ਨਹੀਂ ਸੀ ਕੀਤਾ। ਸਭ ਨਾਲ ਸੁੱਚਾ ਵਰਤਦੇ ਸਨ। ਜ਼ਬਾਨ ਵਿਚ ਇਤਨੀ ਮਿਠਾਸ ਸੀ ਕਿ ਸਭ ਨੂੰ ਜੀ ਕਰਕੇ ਬੁਲਾਉਣਾ। ਜੇ ਕਿਸੇ ਨੇ ਕੋਈ ਕੌੜਾ ਲਫ਼ਜ਼ ਕਹਿ ਦਿਤਾ ਤਾਂ ਵੀ ਬਰਦਾਸ਼ਤ ਕਰ ਲੈਣਾ। ਕਦੀ ਕਿਸੇ ਦਾ ਗੁੱਸਾ ਨਹੀਂ ਸੀ ਕਰਦੇ। ਇਹੋ ਗੁਣ ਸਨ ਜਿਸ ਕਰਕੇ ਆਪ ਆਂਢੀਆਂ ਗੁਆਂਢੀਆਂ ਵਿਚ, ਬਲਕਿ ਸਾਰੇ ਮਹੱਲੇ ਵਿਚ ਹਰਮਨ ਪਿਆਰੇ ਹੋ ਗਏ ਸਨ।

ਮਿਹਰਾਂ ਦੇ ਦਾਤੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਮਾਈ ਜੱਸੀ ਦਾ ਨਿਸਤਾਰਾ ਕਰਨਾ ਜ਼ਰੂਰੀ ਸਮਝਿਆ ਅਤੇ ਆਗਰੇ ਪਹੁੰਚੇ। ਉਨ੍ਹਾਂ ਬਾਰੇ ਭਾਈ ਵੀਰ ਸਿੰਘ ਜੀ ਲਿਖਦੇ ਹਨ, "ਗੁਰੂ ਬਾਬੇ ਨੂੰ ਇਹ ਬੜਾ ਸ਼ੌਕ ਸੀ ਕਿ ਜਿਥੇ ਕੋਈ ਘਾਲੀ ਬੰਦੇ ਹੋਣ, ਚਾਹੇ ਕਿਸੇ ਪ੍ਰਕਾਰ ਦੀ ਘਾਲ ਕਰਦੇ ਹੋਣ, ਪਰ ਹੋਣ ਆਪਣੀ ਘਾਲ ਵਿਚ ਸਰਲ ਤੇ ਸੱਚੇ ਤਾਂ ਪੁਜ ਕੇ ਜਾਣਾ ਤੇ ਮਿਹਰਾਂ ਨਾਲ ਉਨ੍ਹਾਂ ਨੂੰ ਉਭਾਰ ਕੇ ਸਤ ਮਾਰਗ ਤੇ ਲਾ ਦੇਣਾ। ਉਹੋ ਜਿਹੇ ਇਕ ਆਦਮੀ ਦੇ ਸੰਵਰ ਜਾਣ ਨਾਲ ਫਿਰ ਸੰਵਰ ਜਾਣਾ ਉਨ੍ਹਾਂ ਦੀਆਂ ਸੰਗਤਾਂ ਨੇ ਤੇ ਉਪਕਾਰ ਹੋ ਜਾਣਾ ਬਹੁਤ ਵੱਡਾ ਤੇ ਵਿਸਥਾਰ ਵਾਲਾ।"

(ਗੁਰੂ ਨਾਨਕ ਚਮਤਕਾਰ ਨੰ: ੧, ਪੰਨਾ ੩੨੬)

ਭਾਗਾਂ ਵਾਲੀ ਮਾਈ ਜੱਸੀ ਨੂੰ, ਜੋ ਅਗਿਆਨਤਾ ਦੇ ਕਾਰਨ ਠੇਡੇ ਖਾ ਰਹੀ ਸੀ, ਅਜੇ ਤਾਈਂ ਕਿਸੇ ਨੇ ਇਹ ਨਹੀਂ ਸੀ ਦਸਿਆ ਕਿ ਇਕ ਅਕਾਲ ਪੁਰਖ ਦੀ ਸ਼ਰਨ ਲਇਆਂ ਹੀ ਤੇਰੇ ਦੁੱਖਾਂ ਦਾ ਨਾਸ ਹੋਏਗਾ, ਤੇਰੇ ਮਨ ਦੀ ਕਲਪਨਾ ਮਿਟ ਸਕੇਗੀ, ਫਿਰ ਤੈਨੂੰ ਉਹ ਖ਼ੁਸ਼ੀ ਨਸੀਬ ਹੋਏਗੀ ਜੋ ਸੈਂਕੜੇ ਜਨਮ ਧਾਰ ਕੇ ਵੀ ਪ੍ਰਾਪਤ ਨਾ ਹੋ ਸਕੇ। ਢਹਿ ਪਓ ਉਸ ਮਾਲਕ ਦੇ ਦੁਆਰੇ ਅਤੇ ਪੱਲਾ ਫੜ ਲੈ ਉਸ ਦਾ ਮਜ਼ਬੂਤੀ ਨਾਲ। ਪਰ ਅਫ਼ਸੋਸ! ਅਜਿਹਾ ਕੋਈ ਮਰਦ ਅਗੰਮੜਾ ਹੁੰਦਾ ਤਾਂ ਆਪ ਨੂੰ ਸਿਧੇ ਰਸਤੇ ਪਾਉਂਦਾ। ਹੁਣ ਗੁਰੂ ਨਾਨਕ ਪਾਤਸ਼ਾਹ ਮਰਦ ਅਗੰਮੜੇ ਹੋ ਪ੍ਰਗਟੇ ਅਤੇ ਸੰਨ ੧੫੧੫ ਈਸਵੀ ਨੂੰ ਪਹਿਲੀ ਉਦਾਸੀ ਸਮੇਂ ਆਗਰੇ ਵਿਚ ਭਾਗ ਲਾਏ। ਅਨੇਕਾਂ


www.AKJ.Org

ਜਗਿਆਸੂਆਂ ਨੂੰ ਅੰਮ੍ਰਿਤ ਰੂਪੀ ਨਾਮ ਦਾ ਛੱਟਾ ਦਿਤਾ। ਕਈ ਸੁੱਕੀਆਂ ਆਤਮਾਵਾਂ ਜਾਗ ਪਈਆਂ। ਮਾਈ ਜੱਸੀ ਵੀ ਗੁਰੂ ਸਾਹਿਬ ਦੀ ਸੋਅ ਸੁਣ ਕੇ ਚਰਨਾਂ ਵਿਚ ਹਾਜ਼ਰ ਹੋਈ। ਦਰਸ਼ਨ ਕੀਤੇ। ਨਿਹਾਲ ਹੋ ਗਈ। ਗੁਰੂ ਸਾਹਿਬ ਨੇ ਭਾਈ ਮਰਦਾਨੇ ਨੂੰ ਕਿਹਾ, 'ਰਬਾਬ ਵਜਾ'। ਫਿਰ ਹਜ਼ੂਰ ਦੇ ਮੁੱਖੋਂ ਇਹ ਸ਼ਬਦ ਉਚਾਰਨ ਹੋਇਆ:—

ਇਆਨੜੀਏ ਮਾਨੜਾ ਕਾਇ ਕਰੇਹਿ ॥ ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥ ਸਹੁ ਨੇੜੈ ਧਨ ਕੰਮਲੀਏ, ਬਾਹਰੁ ਕਿਆ ਢੂਢੇਹਿ ॥ ਭੈ ਕੀਆ ਦੇਹਿ ਸਲਾਈਆ ਨੈਣੀ, ਭਾਵ ਕਾ ਕਰਿ ਸੀਗਾਰੋ ॥ ਤਾ ਸੋਹਾਗਣਿ ਜਾਣੀਐ ਲਾਗੀ, ਜਾ ਸਹੁ ਧਰੇ ਪਿਆਰੋ ॥੧॥ ਇਆਣੀ ਬਾਲੀ ਕਿਆ ਕਰੇ, ਜਾ ਧੰਨ ਕੰਤ ਨ ਭਾਵੈ ॥ ਕਰਣ ਪਲਾਹ ਕਰੇ ਬਹੁਤੇਰੇ, ਸਾਧਨ ਮਹਲ ਨ ਪਾਵੈ ॥ ਵਿਣੁ ਕਰਮਾ ਕਿਛੁ ਪਾਈਐ ਨਾਹੀ, ਜੇ ਬਹੁਤੇਰਾ ਧਾਵੈ ॥ ਲਬ ਲੋਭ ਅਹੰਕਾਰ ਕੀ ਮਾਤੀ, ਮਾਇਆ ਮਾਹਿ ਸਮਾਣੀ ॥ ਇਨੀ ਬਾਤੀ ਸਹੁ ਪਾਈਐ ਨਾਹੀ, ਭਈ ਕਾਮਣਿ ਇਆਣੀ ॥੨॥ ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥ ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ, ਹਿਕਮਤਿ ਹੁਕਮੁ ਚੁਕਾਈਐ ॥ ਜਾ ਕੈ ਪ੍ਰੇਮਿ ਪਦਾਰਥੁ ਪਾਈਐ, ਤਉ ਚਰਣੀ ਚਿਤੁ ਲਾਈਐ ॥ ਸਹੁ ਕਹੈ ਸੋ ਕੀਜੈ, ਤਨੁ ਮਨੋ ਦੀਜੈ, ਐਸਾ ਪਰਮਲੁ ਲਾਈਐ ॥ ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥੩॥ ਆਪੁ ਗਵਾਈਐ ਤਾ ਸਹੁ ਪਾਈਐ, ਅਉਰੁ ਕੈਸੀ ਚਤੁਰਾਈ ॥ ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ, ਕਾਮਣਿ ਨਉ ਨਿਧਿ ਪਾਈ ॥ ਆਪਣੇ ਕੰਤ ਪਿਆਰੀ ਸਾ ਸੋਹਾਗਣਿ, ਨਾਨਕ ਸਾ ਸਭਰਾਈ ॥ ਐਸੈ ਰੰਗਿ ਰਾਤੀ ਸਹਜ ਕੀ ਮਾਤੀ, ਅਹਿਨਿਸਿ ਭਾਇ ਸਮਾਣੀ ॥ ਸੁੰਦਰਿ ਸਾਇ ਸਰੂਪ ਬਿਚਖਣਿ, ਕਹੀਐ ਸਾ ਸਿਆਣੀ॥੪॥੨॥੪॥

(ਤਿਲੰਗ ਮਹਲਾ ੧)

ਇਹ ਸ਼ਬਦ ਕੀ ਸੀ ? ਮਾਈ ਜੱਸੀ ਬਿਹਬਲ ਹੋ ਕੇ ਚਰਨਾਂ ਤੇ ਡਿੱਗ ਪਈ। ਆਪ ਨੂੰ ਇਸ ਸ਼ਬਦ ਨਾਲ ਕਾਫ਼ੀ ਸੋਝੀ ਹੋ ਆਈ। ਇਹ ਸ਼ਬਦ ਪੰਜਾਬੀ ਵਿਚ ਸੀ ਅਤੇ ਆਪ ਨੇ ਕੁਝ ਸਮਾਂ ਪੰਜਾਬ ਵਿਚ ਵੀ ਗੁਜ਼ਾਰਿਆ ਸੀ, ਇਸ ਲਈ ਪੰਜਾਬੀ ਬੋਲੀ ਸਮਝ ਲੈਂਦੇ ਸਨ। ਗੁਰੂ ਸਾਹਿਬ ਨੇ ਸਿਰ ਤੇ ਮਿਹਰ ਭਰਿਆ ਹੱਥ ਫੇਰ ਕੇ ਸਾਵਧਾਨ ਕੀਤਾ।

ਮਾਈ ਨੇ ਬੇਨਤੀ ਕੀਤੀ, ਦਾਤਾ ਜੀਉ! ਬਖਸ਼ ਲਓ। ਮੈਂ ਐਵੇਂ ਭੁਲੇਖੇ ਵਿਚ ਉਮਰ ਗਵਾ ਲਈ। ਤੁਸੀਂ ਜਿਵੇਂ ਆਖੋਗੇ ਕਰਾਂਗੀ, ਜੋ ਸਿਖਿਆ ਦਿਉਗੇ ਮੰਨਾਂਗੀ। ਨਿਰੰਕਾਰੀ ਬਾਬਾ ਜੀ ਨੇ ਮਾਈ ਨੂੰ ਸਤ ਮਾਰਗ ਦਾ ਉਪਦੇਸ਼ ਦਿੰਦਿਆਂ ਫੁਰਮਾਇਆ, ਪੂਜਾ ਤਾਂ ਉਸ ਦੀ ਕਰੀਦੀ ਹੈ, ਜਿਸ ਨੇ ਕਦੀ ਬਿਨਸਣਾ ਨਾ ਹੋਵੇ, ਜੋ ਅਬਿਨਾਸ਼ੀ ਹੋਵੇ, ਜੋ ਪਰੀਪੂਰਨ ਹੋਵੇ, ਜੋ ਘਟ ਘਟ ਵਿਚ ਮੌਜੂਦ ਹੋਵੇ, ਅਤੇ ਉਹ ਹੈ ਇਕੋ ਇਕ ਅਕਾਲ ਪੁਰਖ ਵਾਹਿਗੁਰੂ! ਬਾਕੀ ਸਭ ਨੇ ਬਿਨਸ ਜਾਣਾ ਹੈ। ਕਿਸੇ ਬਿਨਸ ਜਾਣ ਵਾਲੀ ਚੀਜ਼ ਨਾਲ ਪਿਆਰ ਕਰਨਾ ਵੀ ਮਿਥਿਆ ਹੈ। ਉਹ ਪਿਆਰ ਵੀ ਇਕ ਦਿਨ ਬਿਨਸ ਜਾਏਗਾ। ਇਸ ਲਈ ਸਦਾ ਨਿਰੰਕਾਰ ਨੂੰ ਚੇਤੇ ਕੀਤਾ ਕਰੋ। ਉਸ ਨੂੰ ਚੇਤੇ ਕਰਨ ਨਾਲ ਹੀ ਤੇਰੇ ਲੋਕ ਪ੍ਰਲੋਕ ਸੁਹੇਲੇ ਹੋਣਗੇ। ਫਿਰ ਸੱਚੇ ਪਾਤਸ਼ਾਹ ਨੇ ਮਾਈ ਵਲ ਅਜਿਹੀ ਮਿਹਰ ਭਰੀ ਤਕਣੀ ਤਕਿਆ ਕਿ ਉਸ ਦੇ ਲੂੰ ਲੂੰ ਵਿਚ ਝਰਨਾਟ ਛਿੜ ਗਈ ਅਤੇ ਉਹ ਕਿਸੇ ਅਸਚਰਜ ਰੰਗ ਵਿਚ ਰੰਗੀਜ ਕੇ ਮਸਤੁਲ-ਮਸਤ ਹੋ ਗਈ।

ਸਤਿਗੁਰਾਂ ਦੀ ਇਸ ਕਿਰਪਾ-ਦ੍ਰਿਸ਼ਟੀ ਨਾਲ ਮਾਈ ਜੱਸੀ ਨੂੰ ਨਾਮ ਖੁਮਾਰੀ ਦਾ ਅਜਿਹਾ ਰੰਗ ਚੜ੍ਹਿਆ ਕਿ ਇਕ ਪ੍ਰਭੂ ਤੋਂ ਸਿਵਾ ਬਾਕੀ ਸਭ ਕੁਝ ਵਿਸਰ ਗਿਆ। ਮੁਕਤੀ ਦੀ ਇਛਾ ਪਤਾ ਨਹੀਂ ਕਿਥੇ ਖੰਭ ਲਾ ਕੇ ਉਡ ਗਈ। ਹੁਣ ਉਸ ਦੀ ਇਹ ਬਿਵਸਥਾ ਸੀ ਕਿ—

ਰਾਜੁ ਨ ਚਾਹਉ, ਮੁਕਤਿ ਨ ਚਾਹਉ, ਮਨਿ ਪ੍ਰੀਤਿ ਚਰਨ ਕਮਲਾਰੇ ॥ (ਦੇਵਗੰਧਾਰੀ ੫, ਪੰਨਾ ੫੩੪

ਗੁਰੂ ਮਹਾਰਾਜ ਮਾਈ ਜੱਸੀ ਦੇ ਘਰ ਦਸ ਦਿਨ ਠਹਿਰੇ। ਇਹਨਾਂ ਦਸਾਂ ਦਿਨਾਂ ਵਿਚ ਖ਼ੂਬ ਨਾਮ ਬਾਣੀ ਦਾ ਪਰਵਾਹ ਚਲਿਆ। ਭਾਈ ਮਰਦਾਨਾ ਜੀ ਇਲਾਹੀ ਕੀਰਤਨ ਦੀਆਂ ਧੁੰਨਾਂ ਗੂੰਜਾਂਦੇ ਰਹੇ।

ਮਾਈ ਜੱਸੀ ਦੀ ਇਕ ਸੇਵਕਾ 'ਧਾਂਬਲੀ' ਨਾਂ ਦੀ ਸੀ। ਉਹ ਪਿਛੋਂ ਬੀਕਾਨੇਰ ਦੀ ਰਹਿਣ ਵਾਲੀ ਸੀ। ਉਹ ਵੀ



www.AKJ.Org

ਆਪਣੀ ਮਾਲਕਾ ਦੀ ਤਰ੍ਹਾਂ ਗੁਰੂ ਸਾਹਿਬ ਦੇ ਚਰਨੀਂ ਲਗ ਕੇ ਉੱਚੇ ਭਾਗਾਂ ਵਾਲੀ ਬਣੀ। ਹੋਰ ਵੀ ਅਨੇਕਾਂ ਪ੍ਰਾਣੀਆਂ ਨੇ ਗੁਰੂ ਸਾਹਿਬ ਪਾਸੋਂ 'ਸਿਖੀ' ਪਰਾਪਤ ਕੀਤੀ।

ਗੁਰੂ ਸਾਹਿਬ ਜਦੋਂ ਆਗਰੇ ਤੋਂ ਚਲੇ ਗਏ ਤਾਂ ਮਾਈ ਜੱਸੀ ਦਾ ਘਰ ਸਿੱਖ ਧਰਮ ਦੇ ਪਰਚਾਰ ਦਾ ਇਕ ਕੇਂਦਰ ਬਣ ਗਿਆ। ਮਾਈ ਜੱਸੀ ਜੀ ਜਿਥੇ ਆਪ ਤਰੇ, ਉਥੇ ਹੋਰ ਵੀ ਅਨੇਕਾਂ ਜੀਵਾਂ ਨੂੰ ਤਾਰਨ ਦਾ ਵਸੀਲਾ ਬਣੇ। ਤਵਾਰੀਖ਼ ਗੁਰੂ ਖ਼ਾਲਸਾ ਵਿਚ ਲਿਖਿਆ ਹੋਇਆ ਹੈ, ਮਾਈ ਜੱਸੀ ਤਾਂ ਅਜਿਹੀ ਈਸ਼ਵਰ ਦੇ ਰਸ ਵਿਚ ਰਸੀ ਜੋ ਪ੍ਰਿਤਮਾ ਪੂਜਾ ਆਦਿਕ ਬਨਾਵਟੀ ਲੋਕ-ਦਿਖਾਵੇ ਦੇ ਕੰਮ ਛਡ ਕੇ ਭਜਨ ਵਿਚ ਜੁੜ ਗਈ, ਜਿਸ ਦੇ ਪ੍ਰਤਾਪ ਨਾਲ ਹੋਰ ਅਨੇਕ ਇਸਤ੍ਰੀ ਪੁਰਖ ਆਗਰੇ ਦੇ ਸਤਸੰਗੀ ਸਿਖ ਗੁਰੂ ਘਰ ਦੇ ਹੋ ਗਏ, ਉਸ ਮਾਈ ਦੀ ਧਰਮਸਾਲਾ ਹੁਣ ਵੀ ਮਾਈਥਾਨ ਕਰਕੇ ਮੰਨੀ ਜਾਂਦੀ ਹੈ।

[ਗਿ: ਗਿਆਨ ਸਿੰਘ, ਪੰਨਾ ੧੧੦

ਮਾਈ ਜੱਸੀ ਜੀ ਆਪਣਾ ਜੀਵਨ ਸਫਲਾ ਕਰ ਕੇ ਅਤੇ ਹੋਰ ਅਨੇਕਾਂ ਭੁਲੇ ਭਟਕੇ ਜੀਵਾਂ ਨੂੰ ਗੁਰਮਤਿ ਦੇ ਰਸਤੇ ਲਾ ਕੇ ਇਸ ਸੰਸਾਰ ਤੋਂ ਤੁਰ ਗਏ। ਪਿਛੋਂ ਆਪ ਦਾ ਪਵਿੱਤਰ ਘਰ ਗੁਰਦਵਾਰੇ ਦੀ ਸ਼ਕਲ ਵਿਚ ਤਬਦੀਲ ਹੋਇਆ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ੧੬੧੨ ਈਸਵੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਜਦੋਂ ਬਾਦਸ਼ਾਹ ਜਹਾਂਗੀਰ ਨਾਲ ਆਗਰੇ ਆਏ ਸਨ ਤਾਂ ਇਸੇ ਥਾਂ ਠਹਿਰੇ ਸਨ। ਫਿਰ ੧੬੭੫ ਈਸਵੀ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਆਗਰੇ ਤੋਂ ਗ੍ਰਿਫਤਾਰ ਹੋਏ ਸਨ ਤਾਂ ਗ੍ਰਿਫਤਾਰੀ ਤੋਂ ਪਹਿਲਾਂ ਇਸੇ ਯਾਦਗਾਰੀ ਅਸਥਾਨ ਵਿਚ ਨਿਵਾਸ ਰਖਿਆ ਸੀ। ਇਕ *ਮਾਈ ਭਾਗੋ ਹੋਈ ਹੈ ਜਿਸ ਨੇ ਇਸੇ ਥਾਂ ਰਹਿ ਕੇ ਅਕਾਲ ਪੁਰਖ ਨੂੰ ਬਹੁਤ ਧਿਆਇਆ ਸੀ ਅਤੇ ਉਹ ਸਿੱਖੀ-ਜੀਵਨ ਦੀ ਸਾਕਾਰ ਮੂਰਤ ਸੀ। ਸੰਨ ੧੭੦੭ ਈਸਵੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਬਹਾਦਰ ਸ਼ਾਹ ਵਲੋਂ ਤਾਰਾ ਆਜ਼ਮ ਨਾਲ ਯੁਧ ਕਰਨ ਤੋਂ ਬਾਅਦ ਇਥੇ ਹੀ ਆ ਕੇ ਟਿਕੇ ਸਨ।

*ਚਾਲੀ ਮੁਕਤਿਆਂ ਦੀ ਜੱਥੇਦਾਰ ਮਾਈ ਭਾਗੋ ਹੋਰ ਹੋਏ ਹਨ ਅਤੇ ਇਹ ਹੋਰ ਹੈ।

# ਇਕ ਗ਼ੈਬੀ ਅਵਾਜ਼

[ ਵਲੋਂ—ਬੀਬੀ ਮਨਜੀਤ ਕੌਰ ਮਾਨ, ਭਾਰਟਾ ਖ਼ੁਰਦ ]

ਨਾਮ ਜਪਣ ਤੋਂ ਮਨ ਨਿਤ ਅਵੇਸਲਾ ਹੋਈ ਜਾਂਦਾ,
ਅੰਮ੍ਰਿਤ ਵੇਲੇ ਦਾ ਜਾਗਣਾ ਫ਼ਜ਼ੂਲ ਜਾਪੇ,
ਗੁਰਸਿਖ ਰਹਿਣੀ-ਰਹਿਤ ਨੂੰ ਤਿਲਾਂਜਲੀ ਦੇਈ ਜਾਂਦਾ।
ਇਸ ਚੰਚਲ ਪਾਪੀ ਮਨ ਦੀ ਕੀ ਕੀ ਕਰਤੂਤ ਦੱਸਾਂ,
ਇਸ ਨੇ ਸਿਖੀ ਤੋਂ ਮੂੰਹ ਸਿੰਘ ਦਾ ਭੂਆ ਦਿਤਾ,
ਲੱਗਾ ਹੁਣ ਐਸ਼ੋ-ਇਸ਼ਰਤ ਵਿਚ ਖਾਣ ਗੋਤੇ,
ਵਿਚ ਨਸ਼ਿਆਂ ਹੋਇਆ ਗ਼ਲਤਾਨ ਡਾਢਾ,
ਵਿੱਚ ਮਨ ਦੇ ਗੱਲ ਇਕ ਘਰ ਕਰ ਗਈ,
ਖਾਓ ਪੀਓ ਤੇ ਐਸ਼ਾਂ ਉਡਾਉ ਨਿਸ ਦਿਨ,
ਇਹ ਜਗ ਮਿਠਾ ਤੇ ਅਗਲਾ ਕਿੰਨ ਡਿਠਾ ?
ਵਿਚ ਮੌਜਾਂ ਦੇ ਜ਼ਿੰਦਗੀ ਗੁਜ਼ਾਰ ਲੈ ਮਨਾ !

ਫੇਰ ਸਭੋ ਕੁਝ ਕੋਲ ਹੁੰਦਿਆਂ ਵੀ,
ਸ਼ਾਂਤੀ ਦਿਲ ਨੂੰ ਮਿਲਦੀ ਮਿੰਟ ਵੀ ਨਹੀਂ।
ਜੋ ਸੀ ਖ਼ੁਸ਼ੀ ਰੁੱਖੀ ਮਿੱਸੀ ਖਾਣ ਦੇ ਵਿੱਚ,
ਹੁਣ ਲੱਭਦੀ ਨਾ ਮੀਟ ਪਿਆਲਿਆਂ ਵਿੱਚ।
ਮਿੱਠੀ ਲਗਦੀ ਸੀ ਨੀਂਦ ਜੋ ਸੇਜ-ਕੰਡਿਆਂ ਤੇ,
ਹੁਣ ਲਗਦੀ ਨਾ ਸੇਜਾਂ ਗਦੇਲਿਆਂ ਤੇ।

ਇਕ ਦਿਨ ਸੁਤੇ ਸਿਧ ਹੀ ਅੰਮ੍ਰਿਤ ਵੇਲੇ,
ਅੰਤਰ-ਆਤਮੇ ਇਕ ਆਈ ਅਵਾਜ਼ ਡਾਢੀ।
ਜਿਸ ਅਚੇਤ ਸ਼ਕਤੀ ਨੂੰ ਟੁੰਬ ਜਗਾ ਦਿਤਾ—
ਉਠ ਗੁਰਸਿਖਾ ! ਹੁਣ ਵੇਲਾ ਹੈ ਜਾਗਣੇ ਦਾ,
ਤਕੜਾ ਹੋ ਤੇ ਹੋਸ਼ ਸੰਭਾਲ ਆਪਣੀ,
ਪੰਜਾਂ ਚੋਰਾਂ ਦਾ ਕਰ ਤੂੰ ਸ਼ਿਕਾਰ ਸਿਖਾ !
ਮਨਮਤ ਦੀ ਛੁਰੀ ਚਲਾ ਕੇ ਤੇ
ਜਿਸ ਕੱਟੀ ਕੁਨੈਕਸ਼ਨ ਦੀ ਤਾਰ ਤੇਰੀ,
ਜਿਸ ਜਗਦਾ ਬੱਲਬ ਬੁਝਾ ਦਿਤਾ,
ਹੁਣ ਵੇਲਾ ਹੈ ਹੰਭਲਾ ਮਾਰ ਸਿਖਾ !
ਗੁਰੂ-ਮਤਿ ਦਾ ਹੁਣ ਪਲਾਸ ਲੈ ਕੇ,
ਟੁਟੀ ਕੁਨੈਕਸ਼ਨ ਦੀ ਤਾਰ ਨੂੰ ਜੋੜ ਸਿਖਾ !
ਇਨ੍ਹਾਂ ਦੁਸ਼ਟਾਂ ਦੀ ਅਲਖ ਮੁਕਾ ਕੇ ਤੇ,
ਆਪਣੇ ਹਿਰਦੇ ਦਾ ਬੱਲਬ ਜਗਾ ਸਿਖਾ !
ਡੁਲ੍ਹੇ ਬੇਰਾਂ ਦਾ ਅਜੇ ਕੁਝ ਵਿਗੜਿਆ ਨਹੀਂ,
ਜੇ ਤੂੰ ਪੰਜਾਂ ਦੇ ਮੁਖੀ ਨੂੰ ਲਏਂ ਮਾਰ ਸਿਖਾ !

www.AKJ.Org

# ਭੋਜਨ ਵਿਚ ਸਰਬ ਲੋਹ ਦੀ ਅਵੱਸ਼ਕਤਾ

ਮਿਤੀ ੨੫-੧੧-੭੪ ਦੇ Indian Express (ਇੰਡੀਅਨ ਐਕਸਪ੍ਰੈਸ) ਰੋਜ਼ਾਨਾ ਅੰਗਰੇਜ਼ੀ ਅਖ਼ਬਾਰ ਵਿਚ ਆਜ਼ਮ ਚੌਧਰੀ ਨੇ "ਲਹੂ ਦੀ ਘਾਟ ਨੂੰ ਪੂਰਾ ਕਰਨ ਲਈ ਲੋਹ-ਸ਼ਕਤੀ ਲੂਣ" ਦੇ ਸਿਰਲੇਖ ਹੇਠ ਇਕ ਮਜ਼ਮੂਨ ਦਿਤਾ ਹੈ। ਉਸ ਲੇਖ ਵਿਚ ਭਾਰਤ ਸਰਕਾਰ ਵਲੋਂ ਹੈਦਰਾਬਾਦ ਵਿਖੇ "ਨੈਸ਼ਨਲ ਇਨਸਟੀਚਿਊਟ ਆਫ਼ ਨਿਊਟ੍ਰੀਸ਼ਨ" ਸੰਸਥਾ ਦੀ ਖੋਜ ਅਨੁਸਾਰ "ਲੋਹ-ਸ਼ਕਤੀ ਲੂਣ" (ਸਰਬ-ਲੋਹ ਦੀ ਸ਼ਕਤੀ ਵਾਲਾ ਲੂਣ) ਤਿਆਰ ਕਰ ਕੇ ਆਮ ਜਨਤਾ ਨੂੰ ਸਪਲਾਈ ਕਰਨ ਦੀ ਯੋਜਨਾ ਦਾ ਬਿਆਨ ਹੈ। ਉਸ ਲੇਖ ਦਾ ਸੰਖੇਪ ਸਾਰ-ਅੰਸ਼ ਹੇਠਾਂ ਦਿਤਾ ਜਾ ਰਿਹਾ ਹੈ।

ਹਰ ਮਨੁੱਖੀ ਸਰੀਰ ਨੂੰ ਫ਼ੌਲਾਦੀ ਅੰਸ਼ ਦਾ ਪ੍ਰਾਪਤ ਹੋਣਾ ਅਤੀ ਜ਼ਰੂਰੀ ਹੈ ਅਤੇ ਇਹ ਲੋਹ-ਅੰਸ਼ ਜੀਵ ਆਪਣੇ ਭੋਜਨਾਂ ਰਾਹੀਂ ਪ੍ਰਾਪਤ ਕਰਦਾ ਹੈ। ਸਰੀਰ ਇਸ ਲੋਹ-ਭੰਡਾਰ ਨੂੰ ਜਿਗਰ, ਹੱਡੀਆਂ ਦੀ ਮਿਝ ਅਤੇ ਤਿਲੀ ਰੂਪੀ ਗੁਦਾਮਾਂ ਵਿਚ ਇਕੱਤਰ ਕਰਦਾ ਹੈ। ਜਿਗਰ ਇਸ ਲੋਹ-ਭੰਡਾਰ ਦਾ ਸਭ ਤੋਂ ਵੱਡਾ ਭੰਡਾਰ ਹੈ।

ਕੁਝ ਕੁ ਸਾਲ ਪਹਿਲਾਂ ਵਰਲਡ ਹੈਲਥ ਆਰਗਨਾਈ-ਜ਼ੇਸ਼ਨ (ਸੰਸਾਰ-ਸਿਹਤ ਸੰਸਥਾ) ਨੇ ਸੋਲ੍ਹਾਂ ਦੇਸ਼ਾਂ ਵਿਚੋਂ ੩੫੭੮ ਸਰੀਰਾਂ ਦੇ ਜਿਗਰਾਂ ਦਾ ਨਿਰੀਖਣ ਕਰ ਕੇ ਕੁਝ ਨਤੀਜੇ ਕਢੇ ਅਤੇ ਦਸਿਆ ਕਿ ਦਿਲੀ ਦੇ ਮਨੁਖਾਂ ਵਿਚ ਲੋਹ-ਅੰਸ਼ ਦੀ ਮਾਤਰਾ ਸਭ ਤੋਂ ਘਟ ਹੈ। ਉਨ੍ਹਾਂ ਵਿਚੋਂ ੩੦ ਫ਼ੀ ਸਦੀ ਪੁਰਸ਼ਾਂ ਵਿਚ ਲੋਹ-ਅੰਸ਼ ਦੀ ਮਾਤਰਾ ਨਾਂ ਮਾਤਰ ਜਾਂ ਨਾ ਹੋਣ ਦੇ ਬਰਾਬਰ ਸੀ। ਉਨ੍ਹਾਂ ਦੇ ਨਤੀਜਿਆਂ ਅਨੁਸਾਰ ਦਖਣੀ ਅਫ਼ਰੀਕਾ ਦੇ ਵਾਸੀਆਂ ਵਿਚ ਲੋਹ-ਅੰਸ਼ ਦੇ ਭੰਡਾਰ ਸਭ ਤੋਂ ਵਧ ਸਨ।

ਮੈਡੀਕਲ ਰੀਸਰਚ ਦੀ ਇੰਡੀਅਨ ਕੌਂਸਲ ਦੇ ਡਾਇਰੈਕਟਰ ਜਨਰਲ ਡਾਕਟਰ ਸੀ.ਗੋਪਾਲਨ ਦਾ ਵਿਚਾਰ ਹੈ ਕਿ ਲੋਹੇ ਦੀ ਘਾਟ ਨਾਲ ਉਪਜਿਆ ਲਹੂ-ਦੋਸ਼ ਦੇਸ਼ ਦੇ ਮਹਾਨ ਮਸਲਿਆਂ ਵਿਚੋਂ ਇਕ ਹੈ।

ਡਾਕਟਰੀ ਖੋਜ ਦੇ ਮਾਹਿਰਾਂ ਦੇ ਇਕੱਠੇ ਕੀਤੇ ਤੱਥਾਂ ਨੇ ਇਹ ਸਿੱਧ ਕੀਤਾ ਹੈ ਕਿ ਸਕੂਲ ਜਾਣ ਵਾਲੀ ਅਵਸਥਾ ਤੋਂ ਪਹਿਲੇ ਸਾਡੇ ੫੦ ਫ਼ੀ ਸਦੀ ਬੱਚੇ ਅਤੇ ੫੦ ਫ਼ੀ ਸਦੀ ਹੀ ਜਣਨੀਆਂ ਲਹੂ-ਦੋਸ਼ ਤੋਂ ਪੀੜਤ ਹਨ। ਡਾਕਟਰ ਗੋਪਾਲਨ ਜੀ ਦਾ ਕਹਿਣਾ ਹੈ ਕਿ ਇਹ ਲਹੂ-ਦੋਸ਼ ਨਿਰਾ ਬੱਚਿਆਂ ਤੇ ਜਣਨੀਆਂ ਤਕ ਹੀ ਸੀਮਤ ਨਹੀਂ, ਸਗੋਂ ਬਹੁਤ ਸਾਰੀ ਭਾਰਤੀ ਗਰੀਬ ਜਨਤਾ ਭੀ ਇਸ ਦਾ ਸ਼ਿਕਾਰ ਹੈ। ਆਰਥਕ ਪਖੋਂ ਦੇਖੀਏ ਤਾਂ ਲੋਹੇ ਦੀ ਘਾਟ ਕਾਰਨ ਵਿਆਪੇ ਲਹੂ-ਦੋਸ਼ ਨਾਲ ਕਿਰਸਾਨਾਂ ਤੇ ਕਾਮਿਆਂ ਦੀ ਉਪਜਾਊ ਸ਼ਕਤੀ ਤੇ ਭੀ ਡੂੰਘਾ ਅਸਰ ਪੈਂਦਾ ਹੈ, ਜਿਸ ਨਾਲ ਮੁਲਕ ਦੀ ਉਪਜ ਨੂੰ ਤਕੜਾ ਧੱਕਾ ਲਗਦਾ ਹੈ।

ਸੰਸਾਰ ਦੀ ਸਿਹਤ ਸੰਸਥਾ ਦੇ ਡਾਇਰੈਕਟਰ ਜਨਰਲ ਨੇ ੧੯੭੨ ਵਿਚ ਕਿਹਾ ਸੀ ਕਿ ਇਸ ਵੇਲੇ ਸੰਸਾਰ ਦੀ ੨੦ ਫ਼ੀ ਸਦੀ ਵਸੋਂ ਲੋਹ-ਕਮੀ ਨਾਲ ਪੀੜਤ ਹੋਣ ਦਾ ਅੰਦਾਜ਼ਾ ਹੈ, ਜੋ ਕਿ ਕਾਫ਼ੀ ਚਿੰਤਾ-ਜਨਕ ਹੈ।

ਇੰਡੀਅਨ ਕੌਂਸਲ ਆਫ਼ ਮੈਡੀਕਲ ਰੀਸਰਚ ਦੇ ਡਾਕਟਰ ਵੀ. ਆਪਟੇ (ਜਿਸ ਨੇ ਲੋਹ-ਕਮੀ ਤੇ ਕਾਫ਼ੀ ਖੋਜ ਕੀਤੀ ਹੈ) ਦਾ ਕਹਿਣਾ ਹੈ ਕਿ ਸੰਸਾਰ ਦੇ ਲੋਹ-ਕਮੀ ਵਾਲੇ ਪੁਰਸ਼ਾਂ ਦੀ ਗਿਣਤੀ ਦਾ ਅੰਦਾਜ਼ਾ ੩੦ ਫ਼ੀ ਸਦੀ ਤਕ ਹੈ। ਇਸ ਦਾ ਭਾਵ ਇਹ ਨਿਕਲਦਾ ਹੈ ਕਿ ਸੰਸਾਰ ਦੇ ਇਕ ਸੌ ਵੀਹ ਕਰੋੜ ਮਨੁਖ ਲਹੂ ਅੰਦਰ ਲੋਹ-ਕਮੀ ਦੇ ਸ਼ਿਕਾਰ ਹਨ। ਇਹ ਗਿਣਤੀ ਸਾਰੇ ਭਾਰਤ ਦੀ ਵਸੋਂ ਨਾਲੋਂ ਦੁਗਣੀ ਬਣਦੀ ਹੈ।

ਸੰਸਾਰ ਦੀ ਸਿਹਤ-ਸੰਸਥਾ ਦੀ ਖੋਜ ਨੇ ਪਰਗਟ ਕੀਤਾ ਹੈ ਕਿ ਜਣਨੀਆਂ ੨੦ ਤੋਂ ੮੦ ਫ਼ੀ ਸਦੀ ਤਕ ਇਸ ਲਹੂ-ਦੋਸ਼ ਨਾਲ ਪੀੜਤ ਹਨ। ਅਗਾਂਹ-ਵਧੂ ਦੇਸ਼ਾਂ ਦੀਆਂ ਜਣਨੀਆਂ ਭੀ ੧੫ ਤੋਂ ੨੫ ਫ਼ੀ ਸਦੀ ਤਕ ਇਸ ਘਾਟ ਦਾ ਸ਼ਿਕਾਰ ਹਨ।



www.AKJ.Org

ਇਕ ਸਧਾਰਨ ਪਰਫੁਲਤ ਹੋ ਰਹੇ ਬੱਚੇ ਜਾਂ ਮਨੁੱਖ ਦੀ **ਸੰਤੁਲਤ ਰੋਜ਼ਾਨਾ ਖ਼ੁਰਾਕ ਵਿਚ ੨੦ ਤੋਂ ੩੦ ਮਿਲੀਗਰਾਮ ਲੋਹਾ ਹੋਣਾ ਜ਼ਰੂਰੀ ਹੈ।** ਜਣਨੀਆਂ ਦੀ ਖ਼ੁਰਾਕ ਵਿਚ ਲੋਹੇ ਦੀ ਲੋੜ ਹੋਰ ਵੀ ਜ਼ਿਆਦਾ ਹੈ। ਇਸੇ ਲੋੜ ਨੂੰ ਮੁਖ ਰਖਦਿਆਂ ਭਾਰਤ ਸਰਕਾਰ ਨੇ ਚੌਥੀ ਯੋਜਨਾ ਵਿਚ ਮਾਵਾਂ ਤੇ ਬੱਚਿਆਂ ਵਿਚ ਲੋਹ-ਘਾਟ ਦੀ ਕਮੀ ਨੂੰ ਪੂਰਾ ਕਰਨ ਲਈ ਅਰੋਗਤਾ-ਕੇਂਦਰਾਂ ਰਾਹੀਂ ਲਖਾਂ ਲੋਹ-ਸ਼ਕਤੀ ਗੋਲੀਆਂ ਵੰਡੀਆਂ। ਇਸ ਲੋੜ ਦੀ ਪੂਰਤੀ ਲਈ ਹੀ ਪੰਜਵੀਂ ਯੋਜਨਾ ਵਿਚ ਭੀ ਤਿੰਨ ਕਰੋੜ ਰੁਪਿਆ ਅਜਿਹੇ ਕਾਰਜਾਂ ਲਈ ਰਾਖਵਾਂ ਕੀਤਾ ਗਿਆ ਹੈ। ਇਸ ਰਕਮ ਰਾਹੀਂ ਢਾਈ ਕਰੋੜ ਮਾਵਾਂ ਤੇ ਇੰਨਿਆਂ ਹੀ ਬੱਚਿਆਂ ਨੂੰ ਲਾਭ ਪਹੁੰਚਾਉਣ ਦਾ ਪ੍ਰੋਗਰਾਮ ਹੈ।

ਇਸ ਮਸਲੇ ਦੀ ਗੰਭੀਰਤਾ ਨੂੰ ਮੁਖ ਰਖ ਕੇ ਹੈਦਰਾਬਾਦ ਵਿਚ "ਨੈਸ਼ਨਲ ਇਨਸਟੀਚੀਊਟ ਆਫ਼ ਨਿਊਟ੍ਰੀਸ਼ਨ" ਵਿਚ ਚਾਰ ਸਾਲਾਂ ਤੋਂ I.F.S. (ਲੋਹ-ਸ਼ਕਤੀ ਲੂਣ) ਤਿਆਰ ਕਰਨ ਦੀ ਖੋਜ ਜ਼ੋਰ ਸ਼ੋਰ ਨਾਲ ਹੋ ਰਹੀ ਹੈ। ਇਸ ਸੰਸਥਾ ਨੇ ਹੁਣ ਲੂਣ ਵਿਚ ਲੋਹਾ ਮਿਲਾਉਣ ਦਾ ਢੰਗ ਖੋਜ ਲਿਆ ਹੈ। ਇਹ ਸੰਸਥਾ ਹੁਣ ਹਜ਼ਾਰਾਂ ਲੋਕਾਂ ਉਤੇ ਆਪਣੀ ਖੋਜ ਦੇ ਤਜਰਬੇ ਕਰੇਗੀ। ਜੇ ਇਹ ਤਜਰਬੇ ਸਫਲ ਹੋਏ ਤਾਂ ਛੇ ਸਾਲਾਂ ਦੇ ਅੰਦਰ ਅੰਦਰ ਇਹ ਔਸ਼ਧੀ ਭਾਵ ਲੋਹ-ਸ਼ਕਤੀ-ਲੂਣ ਆਮ ਲੋਕਾਂ ਤਕ ਪਹੁੰਚਾਇਆ ਜਾਵੇਗਾ। ਇਹ ਆਮ ਲੂਣ ਵਰਗਾ ਹੀ ਹੋਵੇਗਾ ਅਤੇ ਵੇਖਣ, ਚਖਣ, ਸੁੰਘਣ ਆਦਿ ਵਿਚ ਕੋਈ ਫ਼ਰਕ ਨਹੀਂ ਹੋਵੇਗਾ ਅਤੇ ਮੁੱਲ ਵੀ ਲਗ ਪਗ ਉਹੀ ਹੋਵੇਗਾ।

ਭਾਰਤ ਦੇ ਭੋਜਨ-ਮਾਹਿਰਾਂ ਦਾ ਵਿਚਾਰ ਹੈ ਕਿ ਇਸ ਲੋਹ-ਸ਼ਕਤੀ-ਲੂਣ ਰਾਹੀਂ ਭਾਰਤੀਆਂ ਦੀ ਲਹੂ ਦੀ ਕਮੀ ਨੂੰ ਪੂਰਾ ਕਰਨ ਵਾਲਾ ਮਸਲਾ ਸੁਖੈਨ ਹੀ ਹਲ ਹੋ ਜਾਵੇਗਾ। ਭੋਜਨ-ਮਾਹਿਰਾਂ ਦਾ ਕਹਿਣਾ ਹੈ ਕਿ ਸਾਢੇ ਸੋਲ੍ਹਾਂ ਕਰੋੜ ਭਾਰਤ-ਵਾਸੀ ਇਸ ਕਮੀ ਦਾ ਸ਼ਿਕਾਰ ਹਨ।

**ਲੋਹਾ ਲਹੂ ਨੂੰ ਰੰਗੀਨ ਬਣਾਉਣ ਵਾਲੇ ਪਦਾਰਥ ਦਾ ਇਕ ਵਿਸ਼ੇਸ਼ ਤੇ ਮੁਖ ਅੰਗ ਹੈ।** ਇਹ ਪਦਾਰਥ (Halmoglobin) ਹੀ ਲਹੂ ਨੂੰ ਲਾਲੀ ਬਖ਼ਸ਼ਦਾ ਹੈ ਅਤੇ ਫੇਫੜਿਆਂ ਵਿਚੋਂ ਆਕਸੀਜਨ ਪ੍ਰਾਪਤ ਕਰ ਕੇ ਸਰੀਰ ਦੇ ਮਹੀਨ ਤੋਂ ਮਹੀਨ ਪੱਠਿਆਂ ਤਕ ਪਹੁੰਚਾਉਂਦਾ ਹੈ, ਤਾਕਿ ਸਰੀਰ ਯੋਗਤਾ ਨਾਲ ਆਪਣੇ ਕਾਰਜ ਸਾਧ ਸਕੇ। ਇਹ ਹੀ ਕਿਸੇ ਹਦ ਤਕ ਸਰੀਰ ਦੇ ਗੰਦੇ ਮਾਦੇ (ਕਾਰਬਨ ਡਾਈਔਕਸਾਈਡ) ਨੂੰ ਸਾਹ ਰਾਹੀਂ ਬਾਹਰ ਕਢਣ ਵਿਚ ਸਹਾਇਤਾ ਦਿੰਦਾ ਹੈ। ਲਹੂ ਅੰਦਰ ਜੇ ਇਹ ਪਦਾਰਥ ਲੋੜੀਂਦੀ ਮਾਤਰਾ ਤੋਂ ਘਟ ਹੋਵੇ ਤਾਂ ਮਨੁਖੀ ਸਰੀਰ ਪੀਲਾ ਪੈ ਜਾਂਦਾ ਹੈ। ਮਨੁੱਖੀ ਸਰੀਰ ਸਾਲਾਨਾ ੧੦ ਫ਼ੀ ਸਦੀ ਆਪਣਾ ਲੋਹਾ, ਰੋਜ਼ਾਨਾ ਮੁੜ੍ਹਕੇ ਆਦਿ ਰਾਹੀਂ ਖ਼ਾਰਜ ਜਾਂ ਜ਼ਾਇਆ ਕਰਦਾ ਹੈ।

ਸਾਇੰਸਦਾਨਾਂ ਨੇ **ਲੋਹੇ ਬਾਰੇ ਇਕ ਹੋਰ ਵਚਿਤਰ ਖੋਜ** ਕੀਤੀ ਹੈ ਕਿ ਜੇ ਭੋਜਨ ਪਕਾਉਣ ਲਈ ਲੋਹੇ ਦੀ ਕੜਾਹੀ ਜਾਂ ਲੋਹੇ ਦਾ ਕੋਈ ਬਰਤਨ ਵਰਤਿਆ ਜਾਵੇ ਤਾਂ ਭੋਜਨ ਵਿਚ ਲੋਹ-ਸਿੰਚਾਰ ਦੀ ਸ਼ਕਤੀ ਬਹੁਤ ਵਧ ਜਾਂਦੀ ਹੈ। ਸਬਜ਼ੀਆਂ ਨੂੰ ਲੋਹੇ ਦੇ ਚਾਕੂ ਆਦਿ ਰਾਹੀਂ ਕਟਣ ਨਾਲ ਵੀ ਇਹ ਵਾਧਾ ਵਾਪਰਦਾ ਹੈ। ਨੈਸ਼ਨਲ ਇਨਸਟੀਚੀਊਟ ਆਫ਼ ਨਿਊਟ੍ਰੀਸ਼ਨ ਵਿਚ ਕੀਤੇ ਗਏ ਤਜਰਬਿਆਂ ਨੇ ਸਾਬਤ ਕੀਤਾ ਹੈ ਕਿ **ਅਲਮੀਨੀਅਮ ਤੇ ਸਟੀਲ** ਦੇ ਬਰਤਨ ਵਿਚ ਪਕਾਉਣ ਨਾਲ ਜਿਸ ਭੋਜਨ ਵਿਚ ਲੋਹ-ਅੰਸ਼ ੪੭.੭ ਸੀ ਉਸੇ ਭੋਜਨ ਨੂੰ **ਲੋਹੇ ਵਿਚ ਪਕਾਉਣ** ਨਾਲ ਅੰਸ਼ ੧੮੧.੨ ਤਕ ਪਹੁੰਚ ਗਈ।

ਸੋ ਜੇ ਤੁਸੀਂ ਆਪਣੇ ਸਾਥੀਆਂ ਸੰਬੰਧੀਆਂ ਦੀ ਖ਼ੁਸ਼ੀ ਖ਼ਾਤਰ ਤੇ ਅੱਖਾਂ ਨੂੰ ਚੰਗੀ ਨਾ ਲਗਣ ਵਾਲੀ ਲੋਹੇ ਦੀ ਕੜਾਹੀ ਨੂੰ ਤਲਾਕ ਦੇਣ ਲਗੇ ਹੋ ਅਤੇ ਇਸ ਦੀ ਥਾਂ ਸਟੇਨਲੈਸ ਸਟੀਲ ਜਾਂ ਅਲਮੀਨੀਅਮ ਦੀ ਚਿੱਟੀ ਚਮਕ ਉਤੇ ਮੋਹਤ ਹੋ ਕੇ ਅਜਿਹੇ ਬਰਤਨ ਅਪਨਾਉਣ ਲਗੇ ਹੋ ਤਾਂ ਅਸੀਂ ਤੁਹਾਨੂੰ ਸਲਾਹ ਦਿਆਂਗੇ ਕਿ ਅਜਿਹਾ ਨਾ ਕਰੋ।

... ... ...

ਉਪਰੋਕਤ ਲੇਖ ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ ਮਨੁੱਖੀ ਸਰੀਰ ਦੀ ਅਰੋਗਤਾ ਤੇ ਬਲਵਾਨ ਕਰਨ ਵਾਲੀ ਸ਼ਕਤੀ ਲਈ ਖ਼ੁਰਾਕ ਵਿਚ ਸਰਬ-ਲੋਹ ਦਾ ਮਿਸਰਤ ਹੋਣਾ ਕਿੰਨਾ ਜ਼ਰੂਰੀ ਹੈ। ਅਜ ਦੇ ਸਾਇੰਸਦਾਨਾਂ ਨੂੰ ਹੁਣ ਸੋਝੀ ਆਈ ਹੈ ਕਿ ਲੋਹ-ਸ਼ਕਤੀ ਮਨੁਖੀ ਸਰੀਰ ਲਈ ਅਤਿ ਜ਼ਰੂਰੀ ਹੈ। ਪਰ ਅਜ ਤੋਂ ਤਿੰਨ ਕੁ ਸੌ ਸਾਲ ਪਹਿਲਾਂ ਸਰਬ ਕਲਾ ਪ੍ਰਬੀਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਜਨਾ ਕਰਨ ਸਮੇਂ ਹੀ ਸਰਬ-ਲੋਹ ਨੂੰ


www.AKJ.Org

ਧਾਰਮਕ ਅਸੂਲਾਂ ਦਾ ਅੰਗ ਬਣਾ ਦਿਤਾ ਸੀ ਅਤੇ ਸਰਬ ਲੋਹ ਦੀ ਵਰਤੋਂ ਨੂੰ ਪਰਚਲਤ ਕੀਤਾ।

ਦਸਮੇਸ਼ ਪਿਤਾ ਜੀ ਦੇ ਸਰਬ-ਲੋਹ ਨੂੰ ਵਿਸ਼ੇਸ਼ ਮਹੱਤਤਾ ਦੇਣ ਬਾਰੇ ਐਡਮੰਡ ਕੇਂਡਲਰ ਦੀ ਲਿਖੀ ਪੁਸਤਕ The mantle of the East (ਦੀ ਮੈਨਟਲ ਆਫ਼ ਦੀ ਈਸਟ) ਦੇ ਪੰਨਾ ੧੨੦—੧੨੧ ਤੇ ਲਿਖੇ ਲੇਖ ਦਾ ਪੰਜਾਬੀ ਅਨੁਵਾਦ ਇਉਂ ਹੈ—

"(ਸ੍ਰੀ) ਗੁਰੂ ਗੋਬਿੰਦ ਸਿੰਘ (ਜੀ) ਨੇ ਸਰਬ-ਲੋਹ ਨੂੰ (ਆਤਮਕ ਉਚਤਾ ਪ੍ਰਾਪਤ ਕਰਵਾਉਣ ਵਾਲੀਆਂ ਵਸਤਾਂ ਵਿਚੋਂ ਸਮਝਦੇ ਹੋਏ) ਧਾਰਮਿਕ ਚਿੰਨ੍ਹਾਂ ਵਿਚ ਦਾਖ਼ਲ ਕਰ ਕੇ ਆਪਣੇ ਆਪ ਨੂੰ ਇਕ ਦੂਰ-ਅੰਦੇਸ਼ ਤੇ ਸਿਆਣਾ ਆਗੂ ਸਿਧ ਕੀਤਾ। ਉਨ੍ਹਾਂ ਸਾਰੀਆਂ ਮਾਦੀ ਵਸਤਾਂ ਵਿਚੋਂ ਜਿਨ੍ਹਾਂ ਨੂੰ ਆਤਮਕ ਮੰਡਲ ਵਿਚ ਵਿਸ਼ੇਸ਼ ਅਰਥ ਰਖਣ ਵਾਲੀਆਂ ਸਮਝਿਆ ਗਿਆ ਹੈ, ਸਰਬ-ਲੋਹ ਸਭ ਤੋਂ ਵਧੀਕ ਆਪਣੇ ਆਪ ਵਿਚ ਤੇ ਦੂਜਿਆਂ ਨੂੰ ਸਥਿਰ ਰਖਣ ਵਾਲੀ ਚੀਜ਼ ਹੈ।...ਕਈ ਮਤਾਂ ਵਿਚ ਸਿਰਫ਼ ਇਸੇ (ਸਰਬ ਲੋਹ) ਨੂੰ ਊਣਤਾਈਆਂ ਦੂਰ ਕਰਨ ਵਾਲੀ ਵਸਤੂ ਮੰਨਿਆ ਗਿਆ ਹੈ। ਖ਼ਾਲਸੇ ਦੇ ਸਾਹਮਣੇ ਇਸ (ਸਰਬ-ਲੋਹ) ਨੇ ਇਕ ਆਦਰਸ਼ ਰਖਿਆ ਅਤੇ ਇਹਨੂੰ (ਖ਼ਾਲਸੇ ਨੂੰ) ਇਕ ਕੌਮੀਅਤ ਦੇ ਸੰਚੇ ਵਿਚ ਢਾਲਿਆ।"

(੧) ਦਸਮੇਸ਼ ਪਿਤਾ ਨੇ ਆਪਣੇ ਸਾਜੇ ਨਿਵਾਜੇ ਖ਼ਾਲਸੇ ਨੂੰ ਆਤਮਕ ਤੌਰ ਤੇ ਉਚਿਆਂ ਕਰਨ ਲਈ ਅਤੇ ਸਰੀਰਕ ਤੌਰ ਤੇ ਬਲਵਾਨ ਤੇ ਨਿਰਭੈ ਬਣਾਉਣ ਲਈ ਜੋ ਅੰਮ੍ਰਿਤ-ਬਾਟਾ ਤਿਆਰ ਕੀਤਾ ਉਹ ਸਰਬ-ਲੋਹੀ ਸ਼ਕਤੀ ਨਾਲ ਭਰਪੂਰ ਸੀ। ਬਾਟਾ ਵੀ ਸਰਬ-ਲੋਹ ਦਾ ਅਤੇ ਖੰਡਾ ਵੀ ਸਰਬ-ਲੋਹ ਦਾ। ਬਾਟੇ ਵਿਚ ਖੰਡੇ ਦੀ ਲਗਾਤਾਰ ਰਗੜ ਨਾਲ ਘਸ ਘਸ ਕੇ ਬਾਟੇ ਵਿਚ ਪਾਏ ਹੋਏ ਜਲ ਵਿਚ ਸਰਬ-ਲੋਹੀ ਅੰਸ਼ ਪਰਵੇਸ਼ ਕਰਦੀ ਹੈ ਅਤੇ ਇਹ ਅੰਮ੍ਰਿਤ ਜਲ ਛਕਣ ਵਾਲਿਆਂ ਦੇ ਦਿਲ-ਦਿਮਾਗ ਨੂੰ ਤਾਕਤ ਬਖ਼ਸ਼ਦੀ ਹੈ।

(੨) ਦਸਮੇਸ਼ ਜੀ ਨੇ ਜੋ ਪੰਜ ਕਕਾਰ ਖ਼ਾਲਸੇ ਨੂੰ ਧਾਰਨ ਕਰਵਾਏ ਉਨ੍ਹਾਂ ਵਿਚੋਂ ਇਕ ਕਕਾਰ ਸਰਬ-ਲੋਹ ਦਾ ਕੜਾ ਹੈ। ਇਸ ਸਰਬ-ਲੋਹੀ ਕੜੇ ਦੀ ਘਾਸ ਨਾਲ ਸਹਿਜੇ ਹੀ ਹਰ ਵੇਲੇ ਲੋਹ-ਸ਼ਕਤੀ ਵੀਣੀ ਦੀਆਂ ਨਾੜੀਆਂ ਤੇ ਪੱਠਿਆਂ ਰਾਹੀਂ ਸਰੀਰ ਅੰਦਰ ਸਿੰਚਰਦੀ ਰਹਿੰਦੀ ਹੈ।

(੩) ਗੁਰੂ ਕੇ ਲੰਗਰਾਂ ਵਿਚ ਸਰਬ-ਲੋਹੀ ਦੇਗਾਂ, ਸਰਬ-ਲੋਹੀ ਪਰਾਤਾਂ ਅਤੇ ਹੋਰ ਸਰਬ-ਲੋਹੀ ਬਰਤਨਾਂ ਵਿਚ ਦਾਲੇ ਭਾਜੇ ਰਿੰਨ੍ਹਣ ਪਕਾਣ ਤੇ ਖਾਣ ਨਾਲ ਲੋਹ-ਅੰਸ਼ ਬਹੁਤ ਵਡੀ ਮਾਤਰਾ ਵਿਚ ਖ਼ੁਰਾਕ ਵਿਚ ਆਪਣੇ ਆਪ ਸ਼ਾਮਲ ਹੋ ਜਾਂਦੀ ਹੈ। ਸਰਬ-ਲੋਹੀ ਲੰਗਰ ਦਾ ਅਸਚਰਜ ਸੁਆਦ ਛਕਣਹਾਰਿਆਂ ਨੂੰ ਅਨੰਦਤ ਕਰਦਾ ਹੈ। ਕੜਾਹ ਪਰਸ਼ਾਦ ਦੀ ਦੇਗ ਭੀ ਸਰਬ-ਲੋਹੀ ਬਰਤਨਾਂ ਵਿਚ ਹੀ ਤਿਆਰ ਕਰ ਕੇ ਲੋਹ-ਸ਼ਕਤੀ ਦਾ ਸਿੰਚਾਰ ਕੀਤਾ ਜਾਂਦਾ ਹੈ।

(੪) ਸਰਬ-ਲੋਹ ਦੀ ਮਾਲਾ ਦੀ ਸਰਬ-ਲੋਹੀ ਸ਼ਕਤੀ ਬਾਰੇ ਭਾਈ ਸਾਹਿਬ ਰਣਧੀਰ ਸਿੰਘ ਜੀ ਆਪਣੀ ਪੁਸਤਕ ਜੇਲ੍ਹ ਚਿਠੀਆਂ ਵਿਚ ਲਿਖਦੇ ਹਨ—"ਮੇਰੀਆਂ ਉਂਗਲੀਆਂ ਦੇ ਪੋਟਿਆਂ ਵਿਚੋਂ, ਜਿਥੇ ਦਬਾ-ਦਬ ਸਰਬ-ਲੋਹੀ ਮਾਲਾ ਦੇ ਮੋਤੀਆਂ ਦੀ ਘਾਸ ਪੈਂਦੀ ਸੀ, ਇਹੋ ਜਿਹੇ ਬਿਜਲੀ ਦੀਆਂ ਤਾਰਾਂ ਵਾਲੇ ਠੰਢੇ ਠਾਰ ਚਿੰਗਾਰੇ ਉਠੇ ਤੇ ਉਨ੍ਹਾਂ ਪੋਟਿਆਂ ਵਿਚੋਂ ਉਠ ਕੇ ਸਾਰੇ ਸਰੀਰ ਦੀ ਤਾਰ ਤਾਰ ਵਿਚ ਜਾ ਪਰਵੇਸ਼ ਹੋਏ ਕਿ ਅਗੇ ਜਿਥੇ ਜਿਗਰ (ਹਿਰਦੇ)-ਅਸਥਾਨ ਤੇ ਇਕ ਖੰਡਾ ਖੜਕਦਾ ਸੀ ਹੁਣ ਉਥੇ ਹੀ ਅਨੇਕਾਂ ਖੰਡੇ ਦੇਹੀ (ਪਿੰਡੇ) ਦੇ ਤਿਲ ਤਿਲ ਮਾਤਰੀ ਖੰਡ ਖੰਡ ਵਿਚ ਖੜਕਣ ਲਗ ਪਏ।"

ਦਰ-ਅਸਲ ਸਰਬ-ਲੋਹੀ ਸਿੰਚਾਰ ਦਸਮ ਪਾਤਸ਼ਾਹ ਜੀ ਦੀ ਹੀ ਦੇਣ ਹੈ। ਅੱਜ ਦੇ ਸਾਇੰਸਵੇਤਾ ਹੁਣ ਇਸ ਪਾਸੇ ਧਿਆਨ ਮੋੜ ਰਹੇ ਹਨ ਅਤੇ ਜਿਉਂ ਜਿਉਂ ਖੋਜਾਂ ਕਰ ਕੇ ਇਨ੍ਹਾਂ ਨੂੰ ਸੋਝੀ ਆਵੇਗੀ ਤਿਉਂ ਤਿਉਂ ਦਸਮ ਪਾਤਸ਼ਾਹ ਜੀ ਦੀ ਦ੍ਰਿੜ੍ਹਾਈ ਸਰਬ-ਲੋਹੀ ਵਰਤੋਂ ਦੀ ਮਹਾਨਤਾ ਉਜਾਗਰ ਹੋਵੇਗੀ ਅਤੇ ਇਕ ਦਿਨ ਅਜਿਹਾ ਆਵੇਗਾ ਕਿ ਸਰਬ-ਲੋਹ ਦੀ ਵਰਤੋਂ ਨੂੰ ਸਾਰਾ ਸੰਸਾਰ ਅਪਣਾਏਗਾ। ਦਸਮੇਸ਼ ਜੀ ਦਾ ਕਥਨ ਹੈ—

ਸਰਬ ਲੋਹ ਕੀ ਰਛਾ ਹਮ ਨੈ।
ਸਰਬ ਕਾਲ ਕੀ ਰਛਾ ਹਮ ਨੈ।

[ਸੂਰਾ ਪਰਵਾਰ ਵਲੋਂ]



www.AKJ.Org

# ਹਰਿ ਜੀ ਮਾਤਾ, ਹਰਿ ਜੀ ਪਿਤਾ, ਹਰਿ ਜੀਉ ਪ੍ਰਤਿਪਾਲਕ

[ ਵਲੋਂ—ਸਾਰੰਗ ਜੀ, ਕਪੂਰਥਲਾ ]

ਧਰਮ-ਰਾਜ ਨੇ ਆਪਣੇ ਦੋ ਦੂਤ ਮਾਤ-ਲੋਕ ਵਿਚ ਭੇਜੇ। ਉਨ੍ਹਾਂ ਨੇ ਆ ਕੇ ਇਕ ਔਰਤ ਦੀ ਜਾਨ ਕੱਢ ਲਈ। ਕੋਲ ਹੀ ਉਸ ਦਾ ਨਵ-ਜਨਮਿਆ ਬੱਚਾ ਪਿਆ ਸੀ, ਜਿਸ ਨੂੰ ਪੈਦਾ ਹੋਇਆਂ ਅਜੇ ਕੁਝ ਘੰਟੇ ਹੀ ਹੋਏ ਸਨ। ਇਕ ਜਮ-ਦੂਤ ਦੇ ਮਨ ਵਿਚ ਦਇਆ ਤੇ ਤਰਸ ਆ ਗਿਆ—"ਇਹ ਛੋਟਾ ਬੱਚਾ ਵਿਚਾਰਾ ਕੀ ਕਰੇਗਾ ? ਇਸ ਨੂੰ ਕੌਣ ਪਾਲੇਗਾ ? ਕਿਹਾ ਚੰਗਾ ਹੁੰਦਾ ਜੇ ਧਰਮ ਰਾਜ ਇਸ ਦੀ ਮਾਂ ਦੀ ਜਾਨ **10–15** ਸਾਲਾਂ ਬਾਅਦ ਹੀ ਕਢਦਾ।" ਦੂਜੇ ਸਾਥੀ ਨੇ ਇਹ ਸਾਰੇ ਸ਼ੰਕੇ ਧਰਮ ਰਾਜ ਨੂੰ ਜਾ ਦਸੇ, ਕਿ ਇਹੋ ਜਿਹਾ ਮਾੜੇ ਤੇ ਕਮਜ਼ੋਰ ਦਿਲ ਦਾ ਦੂਤ ਮੇਰੇ ਨਾਲ ਅਗੋਂ ਲਈ ਨਾ ਭੇਜਿਆ ਜਾਏ।

ਧਰਮਰਾਜ ਨੇ ਉਸ ਦੂਤ ਨੂੰ ਪਾਸ ਬੁਲਾ ਕੇ ਸਾਰੇ ਸ਼ੰਕੇ ਪੁਛੇ। ਫਿਰ ਉਸ ਨੂੰ ਆਪਣੇ ਦਰਬਾਰ ਵਿਚੋਂ ਸਜ਼ਾ ਵਜੋਂ **12** ਸਾਲਾਂ ਲਈ ਕੱਢ ਦਿਤਾ ਤੇ ਮਾਤ-ਲੋਕ ਵਿਚ ਕਿਸੇ ਨਗਰ ਵਿਚ ਇਕ ਮਨੁਖ ਵਾਂਗ ਜੀਉਣ ਦਾ ਆਦੇਸ਼ ਦਿਤਾ। ਤੇ ਕਿਹਾ "ਜਦੋਂ **12** ਸਾਲਾਂ ਜਾਂ ਇਸ ਤੋਂ ਭੀ ਵਧ ਸਮੇਂ ਵਿਚ ਤੇਰਾ ਸ਼ੰਕਾ ਨਵਿਰਤ ਹੋ ਜਾਏ ਤਾਂ ਸਾਡੇ ਪਾਸ ਤੂੰ ਆ ਸਕੇਂਗਾ, ਪਰ ਇਸ ਤੋਂ ਪਹਿਲਾਂ ਨਹੀਂ।"

ਅਗਲੇ ਪਲ ਉਹ ਦੂਤ ਹੁਣ ਸਿਆਲੀ ਚੰਦ ਦੀ ਚਾਨਣੀ ਰਾਤ ਦੀ ਸੀਤਲ ਲੋਅ ਵਿਚ ਬਿਨਾਂ ਕਪੜੇ, ਸੁੰਗੜਿਆ ਖੜਾ ਹੈ, ਝਾੜੀਆਂ ਦੇ ਓਹਲੇ। ਅਚਾਨਕ ਉਸ ਰਸਤੇ ਇਕ ਸ਼ਰਾਬੀ ਬਰੜਾਂਦਾ ਹੋਇਆ ਲੰਘ ਰਿਹਾ ਹੈ। ਇਸ ਨੇ ਉਸ ਨੂੰ ਅਵਾਜ਼ ਦਿਤੀ ਤੇ ਕੋਈ ਕਪੜਾ ਮੰਗਿਆ। ਮਧਹੋਸ਼ ਨੇ ਉਸ ਨੂੰ ਇਸ ਤਰ੍ਹਾਂ ਨੰਗਿਆਂ ਵੇਖ ਕੇ ਕੁਝ ਤਰਸ ਖਾਧਾ ਤੇ ਆਪਣੀ ਪਾਟੀ ਟਾਕੀਆਂ ਵਾਲੀ ਲੋਈ ਦਿਤੀ ਤੇ ਆਪਣੇ ਘਰ ਲੈ ਗਿਆ। ਇਹ ਨੀਵੀਂ ਚਮਿਆਰ ਜਾਤੀ ਦਾ ਸੀ, ਜੋ ਬਜ਼ਾਰ ਵਿਚ ਮੋਚੀ ਦਾ ਕੰਮ ਕਰਦਾ ਸੀ। ਪਰ ਭੈੜੀ ਇੱਲਤ ਪੈ ਗਈ ਸੀ, ਸ਼ਰਾਬ ਰੋਜ਼ਾਨਾ ਪੀ ਛਡਦਾ ਸੀ, ਚਾਹੇ ਘਰ ਬੱਚਿਆਂ ਲਈ ਲੂਣ-ਦਾਲ-ਆਟਾ ਜੁੜੇ ਜਾ ਨਾ। ਉਸ ਦੀ ਪਤਨੀ ਕਿਤਨਾ ਹੀ ਕਹਿੰਦੀ, ਪਰ 'ਅਮਲੀ' ਅਮਲੀ ਹੀ ਹੁੰਦੇ ਹਨ। ਉਨ੍ਹਾਂ ਨੂੰ ਤਰਸ ਘਟ ਹੀ ਆਉਂਦਾ ਹੈ। ਪਰ ਅਜ ਬਹੁਤ ਅਚੰਭੇ ਵਾਲੀ ਗੱਲ ਹੋਈ ਕਿ ਉਸ ਨੇ ਨਸ਼ੇ ਦੀ ਹਾਲਤ ਵਿਚ ਇਕ ਅਜਨਬੀ ਨੂੰ ਨਾ ਕੇਵਲ ਕਪੜਾ ਦਿਤਾ, ਸਗੋਂ ਆਪਣੇ ਗਰੀਬੜੇ ਜਿਹੇ ਘਰ ਵਿਚ ਪ੍ਰਾਹੁਣਚਾਰੀ ਕਰਨ ਲਈ ਲੈ ਆਇਆ। ਦਲੀਜ਼ ਟਪਦਿਆਂ ਹੀ ਉਸ ਦੀ ਇਸਤ੍ਰੀ ਨੇ ਉਸ ਦਾ ਬਹੁਤ ਹੀ ਗੰਦੀਆਂ ਗਾਲ੍ਹਾਂ ਅਤੇ ਦੁਰ-ਬਚਨਾਂ ਨਾਲ ਸਵਾਗਤ ਕੀਤਾ।

ਨਵਾਂ ਮਹਿਮਾਨ ਚੁਪ ਹੈ। ਉਸ ਦਾ ਅਜ ਮਾਤ-ਲੋਕ ਵਿਚ ਪਹਿਲਾ ਦਿਨ ਹੈ, ਜਿਥੋਂ ਉਸ ਨੂੰ ਅਜੇ ਕੇਵਲ ਕਪੜਾ ਹੀ ਮਿਲਿਆ ਹੈ। ਰੋਟੀ ਤੇ ਮਕਾਨ ਮਿਲਣਾ ਅਜੇ ਬਾਕੀ ਹੈ। ਉਸ ਨੂੰ ਦੇਖ ਕੇ ਉਸ ਚਮਿਆਰ ਦੀ ਤੀਵੀਂ ਨੇ ਨਵੇਂ ਆਏ ਪ੍ਰਾਹੁਣੇ ਲਈ ਕੁਝ ਉਪਰਾਲਾ ਕੀਤਾ। ਅੱਗ ਬਾਲੀ, ਰੋਟੀ ਪਕਾਈ, ਤਨ ਢਕਣ ਲਈ ਕਪੜੇ ਭੀ ਦਿਤੇ। ਰਾਤ ਬੀਤ ਗਈ, ਸਵੇਰ ਹੋਈ। ਦੂਤ ਦੇ ਮਨ ਵਿਚ ਆਪਣੀ ਹੀ ਸ਼ੰਕਾ ਤੇ ਵਿਚਾਰ ਹੋਈ। ਮਨ ਨੇ ਇਹ ਪਰਵਾਨ ਕੀਤਾ ਕਿ ਕਲ੍ਹ ਰਾਤ ਤਨ ਤੇ ਕਪੜਾ ਭੀ ਨਹੀਂ ਸੀ, ਪਰ ਦਿਨ ਚੜ੍ਹਨ ਤੋਂ ਪਹਿਲਾਂ ਵਾਹਿਗੁਰੂ ਜੀ ਨੇ ਤਿੰਨੇ ਮੁਢਲੀਆਂ ਲੋੜਾਂ ਪੂਰੀਆਂ ਕਰ ਦਿਤੀਆਂ ਹਨ, ਭਾਵੇਂ ਇਸ ਮਾਤ ਲੋਕ ਵਿਚ ਉਸ ਦਾ ਕੋਈ ਨਹੀਂ ਸੀ। ਇਸ ਲਈ ਹਰਿ ਜੀ ਪ੍ਰਤਿਪਾਲਕ ਹੈ।

ਪਰ ਅਜੇ ਮੰਨ ਨਹੀਂ ਸੀ ਮੰਨ ਰਿਹਾ। ਕਿਉਂਕਿ ਸ਼ੰਕਾ ਤਾਂ ਉਸ ਨਵ-ਜਨਮੇ ਬੱਚੇ ਤੋਂ ਉਤਪੰਨ ਹੋਈ ਸੀ। ਇਸ ਲਈ ਇਹ ਸ਼ੰਕਾ ਮਨ ਹੀ ਮਨ ਵਿਚ ਅਗੇ ਪੈ ਗਈ। ਸਵੇਰ ਦਾ ਭੋਜਨ-ਪਾਣੀ ਛੱਕ ਕੇ ਉਹ ਆਪਣੇ ਮੀਜ਼ਬਾਨ ਨਾਲ ਉਸ ਦੀ 'ਦੁਕਾਨ' ਤੇ ਗਿਆ। ਮੋਚੀ ਨੇ ਆਪਣੇ ਸੰਦ ਸੜਕ ਦੇ ਕਿਨਾਰੇ ਸਜਾਏ। ਪਾਣੀ ਦਾ ਦੌਰਾ ਭਰ ਕੇ ਆਪਣੇ ਸੱਜੇ ਹੱਥ ਰਖਿਆ। ਕੁਝ ਸੰਦਾਂ ਨੂੰ ਪੱਥਰ ਤੇ ਰਗੜਿਆ ਤੇ ਫਿਰ ਆਪਣੇ ਮਹਿਮਾਨ ਨੂੰ ਪੁਛਿਆ, "ਕੀ ਤੁਸੀਂ ਇਹ ਕੰਮ ਕਰਨ ਵਿਚ ਸ਼ਰਮ ਤਾਂ ਮਹਿਸੂਸ ਨਹੀਂ ਕਰੋਗੇ ?" "ਨਹੀਂ ਜੀ, ਮੈਨੂੰ ਸਾਰੇ ਕੰਮ



www.AKJ.Org

ਚੰਗੇ ਇਕ-ਸਮਾਨ ਲਗਦੇ ਹਨ।" ਇਸ ਤੋਂ ਪਹਿਲਾਂ ਸਵੇਰੇ ਜਦੋਂ ਮੋਚੀ ਦਾ ਨਸ਼ਾ ਉਤਰਿਆ ਤਾਂ ਆਪਣੇ ਮਹਿਮਾਨ ਦੀ ਜ਼ਾਤ-ਪਾਤ, ਥਾਂ ਟਿਕਾਣਾ ਆਦਿ ਸਭ ਪੁਛਦਾ ਰਿਹਾ । ਪਰ ਦੂਤ ਨੇ ਇਤਨਾ ਹੀ ਦਸਿਆ ਕਿ "ਮੇਰਾ ਕੋਈ ਥਾਂ ਟਿਕਾਣਾ ਨਹੀਂ ਅਤੇ ਮੇਰੀ ਕੋਈ ਜ਼ਾਤ ਨਹੀਂ। ਤੁਸੀਂ ਮੈਨੂੰ ਆਪਣੇ ਪਾਸ ਰਖ ਲਓ, ਮੈਂ ਤੁਹਾਡੇ ਨਾਲ ਕੰਮ ਕਰਵਾ ਦਿਆ ਕਰਾਂਗਾ।" ਮੋਚੀ ਬਹੁਤਾ ਕੁਝ ਜਾਣਨਾ ਚਾਹੁੰਦਾ ਸੀ, ਪਰ ਦੂਤ ਵਧੇਰੇ ਦਸਣ ਤੋਂ ਸੰਕੋਚ ਕਰਦਾ ਰਿਹਾ। ਆਖ਼ਰ ਹੁਣ ਮੋਚੀ ਨੇ ਹਾਰ ਕੇ ਪੁਛਣਾ ਬੰਦ ਕਰ ਦਿਤਾ ਤੇ ਆਪਣੇ ਨਾਲ ਕੰਮ ਕਰਨ ਲਾ ਲਿਆ।

ਉਹ ਹੁਣ ਰੋਜ਼ ਬੜੀ ਫੁਰਤੀ ਅਤੇ ਸਫ਼ਾਈ ਨਾਲ ਕੰਮ ਕਰਦਾ । ਕੁਝ ਮਹੀਨਿਆਂ ਵਿਚ ਹੀ ਉਸਦੀ ਦੁਕਾਨ ਅਗੇ ਨਾਲੋਂ ਵੱਡੀ ਹੋਣ ਲਗ ਪਈ। ਸੜਕ ਤੋਂ ਉਠ ਕੇ ਖੋਖਾ, ਖੋਖੇ ਤੋਂ ਪੱਕੀ ਦੁਕਾਨ ਲੈ ਲਈ। ਜੁੱਤੀਆਂ ਦੀ ਮੁਰੰਮਤ ਦੀ ਥਾਂ ਨਵੇਂ ਜੋੜੇ ਆਪ ਲੈ ਕੇ ਬਣਾਣ ਲਗ ਪਏ। ਸਾਰੇ ਨਗਰ ਵਿਚ ਉਸ ਦੀ ਧਾਂਕ ਬੈਠ ਗਈ । ਬਹੁਤ ਆਰਡਰ ਆਉਣ ਲਗ ਪਏ । ਇਸ ਤਰ੍ਹਾਂ ੧੨ ਸਾਲ ਬੀਤ ਗਏ ।

ਇਕ ਦਿਨ ਉਸ ਦੁਕਾਨ ਤੇ ਇਕ ਔਰਤ ਆਈ। ਉਸ ਦੇ ਨਾਲ ਇਕ ੧੨ ਸਾਲ ਦਾ ਲੜਕਾ ਭੀ ਸੀ । ਉਸ ਲੜਕੇ ਲਈ ਜੋੜਾ ਬਣਾਉਣ ਲਈ ਕਿਹਾ ਗਿਆ। ਦੂਤ ਨੇ ਮਾਪ ਲਿਆ। ਜੋੜਾ ਬਣਾਇਆ ਤੇ ਅਗਲੇ ਕੁਝ ਦਿਨਾਂ ਬਾਅਦ ਜਦੋਂ ਉਹ ਔਰਤ ਜੋੜਾ ਲੈਣ ਲੜਕੇ ਨਾਲ ਫਿਰ ਆਈ ਤਾਂ ਦੂਤ ਨੇ ਕਿਹਾ ਕਿ ਇਸ ਜੋੜੇ ਦਾ ਮੁੱਲ ਨਹੀਂ ਲੈਣਾ। ਉਹ ਔਰਤ ਬਹੁਤ ਹੈਰਾਨ ਹੋਈ। ਦੂਤ ਨੇ ਪੁਛਿਆ, ਕੀ ਇਹ ਲੜਕਾ ਤੁਹਾਡਾ ਹੈ ? ਤਾਂ ਉਸ ਔਰਤ ਨੇ ਉਤਰ ਦਿਤਾ, "ਇਸ ਮੇਰੀ ਧਰਮ-ਦੀ-ਭੈਣ ਦਾ ਹੈ, ਜਿਸਦੀ ਮ੍ਰਿਤੂ ਇਸ ਬੱਚੇ ਦੇ ਜਨਮ ਲੈਣ ਸਾਰ ਹੀ ਹੋ ਗਈ ਸੀ ? ਫਿਰ ਇਹ ਬੱਚਾ ਮੈਂ ਆਪਣੀ ਗੋਦ ਵਿਚ ਲੈ ਲਿਆ। ਕੁਦਰਤ ਵਲੋਂ ਮੇਰੇ ਥਣਾਂ ਵਿਚ ਦੁੱਧ ਉਤਰ ਆਇਆ ਤੇ ਲਾਡ-ਪਿਆਰ ਨਾਲ ਇਸਨੂੰ ਵਡਾ ਕੀਤਾ ਹੈ ।" ਪਰ ਉਹ ਔਰਤ ਹੈਰਾਨ ਸੀ ਕਿ ਜੋੜੇ ਦਾ ਮੁੱਲ ਨਾ ਲੈਣ ਨਾਲ ਇਸ ਪ੍ਰਸ਼ਨ ਦਾ ਕੀ ਸੰਬੰਧ ਸੀ। ਉਸਨੇ ਫਿਰ ਕਿਹਾ ਕਿ ਮੁਲ ਦਸੋ। ਮੋਚੀ ਨੇ ਵੀ ਉਸ ਵਲ ਦੇਖਿਆ। ਪਰ ਦੂਤ ਨੇ ਪੈਸੇ ਲੈਣ ਤੋਂ ਇਨਕਾਰ ਕਰਦਿਆਂ ਕਿਹਾ, "ਮੈਂ ੧੨ ਸਾਲਾਂ ਤੋਂ ਇਸ ਬੱਚੇ ਨੂੰ ਉਡੀਕ ਰਿਹਾ ਸਾਂ । ਅਜ ਤੋਂ ੧੨ ਸਾਲ ਪਹਿਲਾਂ ਇਸ ਸ਼ੰਕਾ ਕਾਰਨ ਕਿ ਜਿਸ ਬੱਚੇ ਦੀ ਮਾਂ, ਬੱਚੇ ਦੇ ਜਨਮ ਸਮੇਂ ਮਰ ਜਾਏ, ਉਹ ਕਿਸ ਤਰ੍ਹਾਂ ਜੀਵੇਗਾ, ਮੈਨੂੰ ਧਰਮ-ਰਾਜ ਨੇ ਮਾਤ-ਲੋਕ ਵਿਚੋਂ ਇਹ ਦ੍ਰਿੜ੍ਹ ਕਰਨ ਲਈ ਘਲ ਦਿਤਾ ਸੀ ਕਿ ਆਪਣੀ ਅਖੀਂ ਵੇਖ ਕੇ ਤਸੱਲੀ ਕਰ ਆ ਕਿ ਹਰਿ ਜੀਉ ਹਰ ਇਕ ਦੀ ਪਾਲਨਾ ਕਰਦਾ ਹੈ।" ਮੋਚੀ ਅਜ ਆਪਣੇ 'ਮਹਿਮਾਨ-ਸਾਥੀ' ਦੀਆਂ ਅਨੋਖੀਆਂ ਗੱਲਾਂ ਸੁਣ ਸੁਣ ਕੇ ਹੈਰਾਨ ਹੋ ਰਿਹਾ ਹੈ, ਪਰ ਧਿਆਨ ਨਾਲ ਸੁਣ ਰਿਹਾ ਹੈ। ਦੂਤ ਨੇ ਫਿਰ ਕਿਹਾ, "ਮੈਂ ਜਾਤ ਦਾ ਚਮਿਆਰ ਨਹੀਂ। ਰੱਬ ਦੇ ਦਰਬਾਰ ਵਿਚ ਕੋਈ ਜ਼ਾਤ-ਪਾਤ ਨਹੀਂ, ਨਾ ਹੀ ਉਥੇ ਕਿਸੇ ਕੰਮ ਨੂੰ ਕੋਈ ਮਾੜਾ ਕਹਿੰਦਾ ਜਾਂ ਸਮਝਦਾ ਹੈ। ਉਥੇ ਤਾਂ "ਹੁਕਮ" ਦੀ ਉਡੀਕ ਹੁੰਦੀ ਹੈ, ਜਿਸਨੂੰ ਜੋ ਹੁਕਮ ਮਿਲਦਾ ਹੈ ਉਹ ਸਿਰ ਮੱਥੇ ਸ਼ੁਕਰ ਸ਼ੁਕਰ ਵਿਚ ਕਰੀ ਜਾਂਦਾ ਹੈ। ਸ਼ੰਕਾ ਕਰਨ ਵਾਲੇ ਨੂੰ ਉਥੇ ਥਾਉਂ ਨਹੀਂ ਮਿਲਦਾ। ਉਥੇ ਉਹੀ ਰਹਿੰਦੇ ਹਨ ਜੋ ਪੂਰਨ ਪਰਤੀਤ ਨਾਲ ਆਪਣੇ ਮਨ ਤੇ ਕਾਬੂ ਪਾ ਚੁਕੇ ਹਨ। ਮੈਂ ਤੁਹਾਥੋਂ ਚਾਰ ਕੌਡੀਆਂ ਕੀ ਲਵਾਂ। ਤੁਸਾਂ ਅਜ ਮੇਰੀ ੧੨ ਸਾਲ ਦੀ ਕੈਦ ਸਮਾਪਤ ਕਰ ਦਿਤੀ ਹੈ। ਮੈਂ ਹੁਣ ਆਪਣੇ ਦੇਸ ਜਾਂਦਾ ਹਾਂ।

ਮੋਚੀ ਅਤੇ ਉਸ ਇਸਤ੍ਰੀ ਦੇ ਦੇਖਦਿਆਂ ਦੇਖਦਿਆਂ ਉਹ ਦੂਤ ਅਲੋਪ ਹੋ ਗਿਆ। ਮੋਚੀ ਹੈਰਾਨ ਸੀ ਕਿ ਇਡਾ ਵੱਡਾ 'ਮਨੁਖ' ਮੇਰੇ ਨਾਲ ਕਿਡਾ ਨੀਵਾਂ ਕੰਮ ਕਰਦਾ ਰਿਹਾ।

"ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮ੍ਹਾਲੇ ॥" [ਗੂਜਰੀ ਮ: ੧, ਪੰਨਾ ੪੮੯

●



www.AKJ.Org

# ਸਿਖ ਧਰਮ ਤੇ ਮਾਸ ਸ਼ਰਾਬ (੪)

## ਗੁਰ-ਇਤਿਹਾਸ ਵਿਚ ਮਾਸ ਨਿਸ਼ੇਧ

[ਵਲੋਂ—ਜੇ. ਪੀ. ਸੰਗਤ ਸਿੰਘ ਜੀ, ੭੫/੩ ਮੁਲੁੰਡ ਕਾਲੋਨੀ, ਬੰਬਈ-੮੨]

**ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ—**
**—ਖਾਲਸਾ ਕਿਉਂ ਸਾਜਿਆ ਗਿਆ**

ਦਸਮੇਸ਼ ਪਿਤਾ ਖ਼ਾਲਸਾ ਪੰਥ ਦੀ ਸਾਜਨਾ ਕਰਨ ਦਾ ਕਾਰਨ ਦਸਦੇ ਹੋਏ, ਭਾਰਤ ਵਿਚ ਰਾਜ ਕਰ ਰਹੀ ਜਾਤੀ ਦੀਆਂ ਕਮਜ਼ੋਰੀਆਂ ਵਰਨਨ ਕਰਦੇ ਹਨ —

ਊਂਧੀ ਮਤ ਭੂੰਡੀ ਤਿਨ ਕਿਰਿਆ, ਸੁਰ ਸਾਸਤ ਤੇ ਅਪਰ ਦ੍ਰਿੜਾਵਤ । ਮਨੋਂ ਕਠੋਰ ਤਰੀਕਤ ਤਰਕਾ, ਹਜ ਕਾਹਬੇ ਮਿਹਰ ਠਹਿਰਾਵਤ । ਰੋਜਾ, ਬਾਂਗ, ਨਿਵਾਜ, ਮੁਸੱਲਾ, ਕਪਟ ਦੰਭ ਅੰਤਰ ਅਸਮਾਵਤ । ਆਤਮ ਘਾਤ ਕਰਹਿ ਨਿਤ ਉਠਤੇ, ਮੁਰਗੀ ਭੇਟ ਬਿਸਮਿਲ ਕਰ ਘਾਵਤ । ਈਦ, ਬਕ੍ਰੀਦ, ਉਸਟ, ਅਸ੍ਵ ਖਾਵਤ, ਤਾ ਕਉ ਕਹਤ ਸੁਆਬ ਹਮ ਕੀਆ । ਐਸੀ ਸਮਝ ਵਿਪ੍ਰੀਤ ਮਤ ਹੋਛੀ, ਮਸਜਦ ਦੁਆਰ ਘਾਤ ਕਰ ਜੀਆ । ਤਿਨ ਤੇ ਕਹਾਂ ਪਰਮਾਤਮ ਰਾਜੀ, ਆਤਮ-ਘਾਤੀ ਕੂਹ ਜਿਨ ਕੀਆ । ਤੇ ਭੀ ਪ੍ਰਭ ਤੇ ਘੁਥੇ ਮੂੜੇ, ਕਰ ਕਰ ਹੂੜ ਖੁਆਰ ਹੋਇ ਮੀਆ ।

(ਸਰਬ ਲੋਹ ਗ੍ਰੰਥ ਖਾਲਸਾ ਪ੍ਰਕਾਸ਼ ਪ੍ਰਕਰਣ ਪੰਨਾ ੨੫੦)

ਉਸ ਸਮੇ ਦੀ ਸ਼ਾਸਕ ਜਾਤੀ ਦੇ ਲੋਕਾਂ ਦੇ ਕੁਝ ਕਰਮ ਗਿਣਦੇ ਹੋਏ ਸਤਿਗੁਰੂ ਜੀ ਦਸਦੇ ਹਨ ਕਿ ਉਹ ਮਾਸ-ਖਾਣੇ ਹਨ । ਮੁਰਗੇ, ਊਠ, ਘੋੜੇ ਆਦਿ ਆਪਣੇ ਪਵਿਤ੍ਰ ਤਿਉਹਾਰਾਂ ਉਤੇ ਖਾਂਦੇ ਹਨ । ਪ੍ਰਭੂ ਦੇ ਦੁਆਰੇ ਉਤੇ ਹੀ ਪ੍ਰਭੂ ਦੇ ਨਿਰਬਲ ਜੀਵਾਂ ਦਾ ਘਾਤ ਕਰਨੋਂ ਵੀ ਸੰਕੋਚ ਨਹੀਂ ਕਰਦੇ । ਅਜਿਹੇ ਲੋਕੀ ਜੋ ਜੀਆਂ ਦਾ ਘਾਤ ਕਰਦੇ ਹਨ, ਪ੍ਰਮਾਤਮਾ ਉਹਨਾਂ ਤੇ ਰਾਜ਼ੀ ਕਿਵੇਂ ਹੋ ਸਕਦਾ ਹੈ ?

ਫਿਰ ਉਸ ਸਮੇਂ ਦੇ ਭਾਰਤ-ਵਾਸੀ ਹਿੰਦੂਆਂ ਦੀ ਕਪੋਲ ਕਿਰਿਆ ਦਾ ਵਰਨਨ ਕਰਦੇ ਹਨ:—

ਸਰਯੋ ਸੁਭ ਕਾਜ ਨ ਯਾ ਬਪੁ ਤੇ, ਜਹ ਜਗ ਨ ਹੋਮ ਦੇਵ ਨ ਪੂਜਾ । ਇਸ਼ਨਾਨ, ਦਾਨ, ਨ ਦਯਾ, ਬ੍ਰਤ, ਸੰਜਮ, ਸੀਲ ਨ ਨੇਮ ਧਰਿਓ ਮਤ ਦੂਜਾ ।। ਹਿੰਸਾ, ਕ੍ਰੋਧ, ਮਦੁ, ਮਾਸੁ ਗ੍ਰਾਹਕ ਰਸ, ਕਾਮਨ, ਕੇਲ, ਕਲੋਲ ਮਚਾਯੋ ।। ਥਾਉ, ਕੁਥਾਉ ਨ ਸੂਝ ਪਰਿਓ ਕਛ, ਬੁਰੇ ਭਲੇ ਨਹਿ ਚਿਤ ਬਸਾਯੋ ।।

(ਸਰਬ ਲੋਹ ਗ੍ਰੰਥ)

ਇਹਨਾਂ ਨੇ ਧਰਮ ਕਰਮ ਛਡ ਦਿਤੇ ਹਨ; ਹਿੰਸਾ, ਜ਼ੁਲਮ ਕਰਦੇ, ਮਾਸ, ਕਬਾਬ ਤੇ ਸ਼ਰਾਬਾਂ ਉਡਾਂਦੇ ਹਨ । ਵਿਸ਼ੇ ਵਿਕਾਰਾਂ ਤੇ ਐਸ਼ ਇਸ਼ਰਤ ਵਿਚ ਲਗੇ ਹਨ, ਆਦਿ । ਪਰ ਮੈਂ ਹੁਣ ਅਜਿਹਾ ਖ਼ਾਲਸਾ ਪੈਦਾ ਕਰਾਂਗਾ:—

ਐਸੋ ਖਾਲ਼ਸਾ, ਖਾਲਸ ਪਦ ਪ੍ਰਾਪਤ, ਨਿਰੰਕਾਰੀ ਸਿਵ ਰੂਪ ਮਹਾਨੰ । ਗੁਰ ਉਪਦੇਸ਼ ਸਿਖਨ ਪ੍ਰਤਿ ਭਾਸਨ, ਮੁੰਦ੍ਰਾ ਤ੍ਰੈ ਕਛ, ਕੇਸ, ਕ੍ਰਿਪਾਨੰ । ਤਾ ਕੀ ਰਹਿਤ ਸੁਰਤ ਉਕਤ ਭਾਖਤ, ਦਸ ਗ੍ਰਾਹੀ ਖਾਲਸਾ ਪ੍ਰਧਾਨੰ । ਸਾਧਨ, ਸਿਧ, ਸੂਰ, ਭਗਤ, ਮਾਨੰਦ, ਦਸ ਗ੍ਰਾਹੀ ਆਸਕਤ ਪ੍ਰਧਾਨੰ । ਤਿਆਗੀ, ਦਸ ਬਿਰੋਧ ਮਤ ਸਾਧਨ, ਹਿੰਸਾ, ਹੰਕਾਰ, ਆਲਸ, ਕ੍ਰਿਪਨਤਾ, ਅਪ੍ਰੇਮਾਨੰ । ਕਠੋਰਤਾ, ਕੁਚੀਲਤਾ, ਜੜਤਾ ਅਸ ਉਚ ਕੁਲ ਮਾਸ ਅਭਖਤ ਮਾਨੰ । ਦਸ ਗ੍ਰਾਹੀ, ਦਸ ਤਿਆਗੀ ਐਸੋ, ਤਾਹੇ ਖਾਲਸਾ ਕਥਤ ਸੁਜਾਨੰ । ਐਸੋ ਖਾਲਸਾ ਖਾਲਸ ਪਦ ਪ੍ਰਾਪਤ, ਨਿਰੰਕਾਰੀ ਸ਼ਿਵ ਰੂਪ ਮਹਾਨੰ ।

(ਸਰਬ ਲੋਹ ਗ੍ਰੰਥ, ਪੰਨਾ ੨੫੫)

ਜਿਹੜਾ ਦਸ ਗੁਣਾਂ ਦਾ ਧਾਰਨੀ ਹੋਵੇਗਾ ਅਤੇ ਦਸ ਅਉਗਣਾਂ ਦਾ ਤਿਆਗੀ ਹੋਵੇਗਾ । ਤਿਆਗਣ ਵਾਲੇ ਅਉਗਣਾਂ ਵਿਚ ਕਠੋਰਤਾ ਤੇ ਹਿੰਸਾ ਵਿਸ਼ੇਸ਼ ਹੋਣਗੇ । ਉਹ ਮਾਸ ਜਿਹੀ ਘ੍ਰਿਣਤ ਵਸਤੂ ਨੂੰ ਖਾਣ ਯੋਗ ਨਹੀਂ ਸਮਝੇਗਾ— "ਮਾਸੁ ਅਭਖਤ ਮਾਨੰ ।।

ਇਸ ਖ਼ਾਲਸੇ ਨੂੰ ਖ਼ਾਸ ਹਦੈਤ ਹੋਵੇਗੀ:—

ਉਠ ਪ੍ਰਭਾਤ ਕਰਹੁ ਇਸਨਾਨ, ਪਦ ਪੰਕਜ ਮਹਿ ਲੀਨਾ । ਜਥਾ ਸਕਤ ਦਾਨ ਭੂਖੇ ਕੋ, ਨਿਮਖ ਨਿਮਖ ਰੰਗ ਭੀਨਾ । ਕ੍ਰੋਧ ਨਿਵਾਰ, ਦਯਾ ਮਨ

www.AKJ.Org

ਲਾਵਹੁ, ਹਿੰਸਾ ਦੁਰਮਤਿ ਤਿਆਗਹੁ । ਇਕ ਮਨ ਹੋਇ ਭਜਹੁ ਨਰਾਇਣ, ਖਿਮਾ ਧਰਮ ਮਾਨ ਅਨੁਰਾਗਹੁ ॥ (ਸਰਬ ਲੋਹ ਗ੍ਰੰਥ, ਪੰਨਾ ੩੩੪

ਦਯਾ ਦਾ ਪੁਤਲਾ ਤੇ ਹਿੰਸਾ ਦਾ ਤਿਆਗੀ ਇਹ ਮੇਰਾ ਖਾਲਸਾ ਹੋਵੇਗਾ ।

## ਸਤਿਗੁਰੂ ਜੀ ਦੀ ਕਿਸੇ ਦੀ ਸ੍ਰੇਸ਼ਟਤਾ ਪਰਖਣ ਦੀ ਕਸਵਟੀ—

ਸਤਿਗੁਰੂ ਜੀ ਦੇ ਜੀਵਨ-ਇਤਿਹਾਸ ਚੋਂ ਇਸ ਗੱਲ ਦੇ ਪ੍ਰਮਾਣ ਮਿਲਦੇ ਹਨ ਕਿ ਸਤਿਗੁਰੂ ਜੀ ਸਤਸੰਗੀਆਂ, ਗੁਰਸਿਖਾਂ ਅਥਵਾ ਸ੍ਰੇਸ਼ਟਤਾ ਦੇ ਦਾਅਵੇਦਾਰਾਂ ਦੀ ਸ੍ਰੇਸ਼ਟਤਾ ਤੇ ਉਚਤਾ ਦੀ ਪਰਖ ਉਨ੍ਹਾਂ ਦੇ ਭੋਜਨ ਤੋਂ ਹੀ ਕਰਦੇ ਸਨ, ਕਿਉਂਕਿ ਮਨੁਖ ਦੇ ਭੋਜਨ ਤੋਂ ਹੀ ਉਸਦੇ ਵਿਚਾਰਾਂ, ਕਰਮਾਂ, ਮਨੋਭਾਵਾਂ ਅਥਵਾ ਆਚਰਨ ਤੇ ਕਿਰਦਾਰ ਜਾਂ ਚਰਿਤਰ ਦਾ ਪਤਾ ਲਗ ਜਾਂਦਾ ਹੈ ।

ਇਕ ਵੇਰ ਸਤਿਗੁਰੂ ਜੀ ਨੇ ਸਿਖਾਂ ਵਿਚ ਮਾਸ ਜਹੀ ਘ੍ਰਿਣਤ ਵਸਤੂ ਦੀ ਅਪਵਿਤ੍ਰਤਾ ਨੂੰ ਸਿਧ ਕਰਨ ਲਈ ਦੇਸ ਭਰ ਵਿਚ ਪਲੂ ਫੇਰਿਆ ਕਿ ਸਤਿਗੁਰੂ ਜੀ ਨੂੰ ਕੁਝ ਸ੍ਰੇਸ਼ਟ, ਉਚ ਜੀਵਨ, ਵਿਦਵਾਨ ਤੇ ਉਚ ਬ੍ਰਿਤੀ ਵਾਲੇ ਮਾਨਨੀਯ ਪੁਰਸ਼ਾਂ ਦੀ ਲੋੜ ਹੈ । ਸਾਰੇ ਦੇਸ਼ ਚੋਂ ਵਿਦਵਾਨ ਪੰਡਤ ਤੇ ਬੁਧੀ-ਜੀਵੀ ਵਰਗ ਦੇ ਸਜਣ ਪੁਜਣ ਲਗ ਪਏ । ਸਤਿਗੁਰੂ ਜੀ ਨੇ ਸਭ ਦੇ ਠਹਿਰਨ ਦਾ ਪਰਬੰਧ ਕਰਨ ਦਾ ਹੁਕਮ ਕੀਤਾ ਤੇ ਨਾਲ ਹੀ ਦੋ ਲੰਗਰ ਮਾਸਾ-ਹਾਰੀ (Non vegetarian) ਅਤੇ ਨਿਰਾਮਸ਼, ਸਾਕਾਹਾਰੀ ਅਥਵਾ vegetarian ਅਰੰਭ ਕਰਾ ਦਿਤੇ ਤੇ ਐਲਾਨ ਕਰ ਦਿਤਾ ਕਿ ਮਾਸਾਹਾਰੀ ਵਿਦਵਾਨਾਂ ਨੂੰ ਪੰਜ ਪੰਜ ਮੁਹਰਾਂ ਰੋਜ਼ ਅਤੇ ਨਿਰਾਮਸ਼ ਜਾਂ ਵੈਸ਼ਨੋ ਭੋਜਨ ਛਕਣ ਵਾਲਿਆਂ ਨੂੰ ਪੰਜ ਰੁਪਏ ਰੋਜ਼ ਦਿਤੇ ਜਾਇਆ ਕਰਨਗੇ । ਸੂਰਜ ਪ੍ਰਕਾਸ਼ ਲਿਖਦਾ ਹੈ :—

> ਦਿਜ ਖੋਜਨ ਹਿਤ ਸਤਿਗੁਰੂ, ਚਿਤਵਤ ਅਨਿਕ ਉਪਾਇ । ਮਖ ਮਿਥ ਕਰ ਬਹੁ ਦੇਸ ਤੇ, ਲੀਨੇ ਬਿੰਦ ਬੁਲਾਇ । ਦੇਸ ਪੂਰਬ ਕੇ ਪੁਰ ਕੌਨ ਗਨੇ, ਸਿਵ ਕੋ ਪੁਰੀ ਅਰ ਮਥੁਰਾ ਇਘਨੇ । ਪੁਨ ਅਉਧ ਪ੍ਰਯਾਗ, ਦਿਲੀ ਸਭਲੇ, ਸੁਨ ਕੈ ਗੁਰ ਕੋ ਮਖ ਆਏ ਚਲੇ । ਨਿਤ ਬੇਦਨ ਕੇ ਦਿਜ ਆਵਤ ਹੈ, ਪੁਰ ਅਨੰਦ ਮਾਨਹਿ ਪਾਵਤ ਹੈ ।

ਜਦੋਂ ਦੇਸ਼ ਭਰ ਚੋਂ ਵਿਦਵਾਨ ਅਤੇ ਆਪਣੇ ਆਪ ਨੂੰ ਸ੍ਰੇਸ਼ਟ ਪੁਰਖ ਸਮਝਣ ਵਾਲੇ ਆ ਇਕੱਠੇ ਹੋਏ ਤਾਂ:—

> ਉਠਯੋ ਮੇਵੜਾ ਸ੍ਰੀ ਕਲਗੀਧਰ, ਤਿਸਨੇ ਊਚੇ ਭਨਯੋ ਸੁਨਾਇ । ਹੁਕਮ ਕਰਯੋ ਸ੍ਰੀ ਸਤਿਗੁਰ ਪੂਰੇ, ਸੁਨਬੇ ਜੋਗ ਬਿਪ੍ਰ ਸੁਖਦਾਇ । ਖੀਰ ਖੰਡ ਜੋ ਖਾਇ ਅਹਾਰੈ ਪੰਜ ਰਜਤਪਤ ਸੋ ਅਬ ਪਾਇ । ਆਮਿਖ ਅਚਵੈ, ਪੰਜ ਅਸ਼ਰਫੀ, ਗੁਰ ਢਿਗ ਤੇ ਲੈ ਸਦਨ ਸਿਧਾਇ । ਬਹੁਤ ਬਾਰ ਸਭਹੂਨ ਸੁਨਾਇ, ਦੋ ਪੰਗਤ ਪਰ ਦੀਈ ਬਿਛਾਇ । ਲੋਭ ਗ੍ਰਸੇ ਬਹੁ ਬਿਪ੍ਰ ਹਰੀ, ਮਦੁ ਮਾਸੁ ਅਚਨ ਕੋ ਮਨ ਲਲਚਾਇ । ਧਰਮ ਛੋਡ ਕਰ ਥਿਰਹਿ ਆਨ ਤਹਿ, ਜਹਾਂ ਮੁਹਰ ਕੋ ਪਾਂਚ ਅਲਾਇ । ਪੀਨ ਖਾਨ ਹਿਤ ਅਲਪ ਹੀ ਜਾਨਯੋ, ਜਿਨਹੂ ਤੇ ਪ੍ਰਲੋਕ ਗਵਾਇ । ਆਮਿਖ ਹਾਰੀ ਭਏ ਹਜਾਰ ਹੈ, ਥਿਰ ਪੰਕਤ ਕਰ ਕੈ ਬਰਤਾਇ । ਇਕ ਦਿਸ ਗਨ ਪਕਵਾਨ ਪਰੋਸੇ, ਜੇ ਬਹੁ ਦਿਨ ਕੇ ਰਖੇ ਬਨਾਇ । ਪ੍ਰਭ ਸੁ ਭਨਯੋ ਸੁਨਹੁ ਸ੍ਰੀ ਸਤਿਗੁਰ, ਆਮਿਖ ਹਾਰੀ ਦਿਨ ਸਮੁਦਾਇ । ਤਿਨ ਤੇ ਅਲਪ ਅਚਯੋ ਪਕਵਾਨਹਿ, ਅਬ ਦਖਣਾ ਕੋ ਥਿਰਹਿ ਸਧਾਇ । ਉਠ ਕਰ ਗਏ ਬਿਲੋਕਨ ਕੀਨੇ, ਜਿਨਹੁ ਲੋਭ ਤੇ ਧਰਮ ਗਵਾਇ । ਬਾਰਹਿ ਬਾਰ ਉਚਾਰ ਧਿਕਾਰਹਿ, ਨਹੀ ਬਿਪ੍ਰ ਤੁਮ ਦੰਭ ਕਰਾਇ । ਅਪ-ਕਰਮੀ ਨਿਜ ਧਰਮਹਿ ਭ੍ਰਿਸਟੀ, ਬਿਗਰਹਿ ਆਪ, ਬਿਗਾਰਹਿ ਔਰ । ਉਚਿਤ ਸਜਾਇ ਦੇਨ ਕੇ ਸਭ ਤੁਮ, ਦੇਹ ਅਬਹ ਬਡ ਮਾਚਰ ਮੌਰ । ਪ੍ਰਥਮ ਬੁਲਾਇ ਦੰਡ ਗੁਰ ਦੀਨੋ, ਭਲੇ ਬੁਰੇ ਭਾਖਹਿ ਸਭ ਛੋਰ । ਯਾ ਤੇ ਛਿਮਾ ਧਰੀ ਮਨ ਜਾਨਹੁ, ਨਹਿ ਪ੍ਰਲੋਕ ਜਾਨਹੁ ਮਤ ਬੋਰ । ਪੁਨ ਪੰਕਤ ਦੂਜੀ ਮਹਿ ਗਮਨੇ, ਸਾਥ ਸਾਥ ਹੀ ਬਚਨ ਅਲਾਇ । ਧਰ ਸੰਤੋਖ ਧਰਮ ਨਹਿ ਛੋਡਯੋ, ਜੋ ਪਰਲੋਕ ਮਹਿ ਕਰੇ ਸਹਾਇ । ਪੰਚ ਪੰਚ ਦੀਨਾਰ ਦੀਨ ਤਹਿ, ਸਿਵਰ ਕਰਾਯਤ ਪੁਨ ਸਨਮਾਨ । ਆਮਿਖ-ਹਾਰੀ ਰੁਖਸਦ ਕੀਨੇ,



www.AKJ.Org

ਪਹੁਚੇ ਆਪੋ ਅਪਨੇ ਥਾਨ।

(ਸੂਰਜ ਪ੍ਰਕਾਸ਼ ਰੁਤ ੩ ਅੰਸੂ ੧)

ਮਾਸ ਖਾਣ ਵਾਲਿਆਂ ਨੂੰ ਸਤਿਗੁਰੂ ਜੀ ਨੇ ਲਖ ਲਖ ਫਿਟਕਾਰਾਂ ਪਾਈਆਂ "ਬਾਰਹਿ ਬਾਰ ਉਚਾਰ ਧਿਕਾਰਹਿ" ਤੇ ਆਖਿਆ, ਤੁਸੀਂ ਵਿਦਵਾਨ ਨਹੀਂ ਸਗੋਂ ਦੰਭੀ ਤੇ ਪਖੰਡੀ ਹੋ "ਨਹੀ ਬਿਪ੍ਰ ਤੁਮ ਦੰਭ ਕਰਾਇ"। ਤੁਸੀਂ ਅਪ-ਕਰਮੀ ਹੋ, ਧਰਮ ਭ੍ਰਿਸ਼ਟ ਹੋ, ਆਪ ਵਿਗੜੇ ਹੋਏ ਹੋ ਤੇ ਹੋਰਨਾਂ ਨੂੰ ਵਿਗਾੜ ਰਹੇ ਹੋ (ਮਾਸ ਖਾਣ ਵਾਲੇ ਸਤਿਗੁਰੂ ਜੀ ਵਲੋਂ ਦਿਤੇ ਇਹ ਸਰਟਫ਼ੀਕੇਟ ਨੋਟ ਕਰਨ) ਅਤੇ ਸਰਬਤ ਮਾਸਾਹਾਰੀਆਂ ਨੂੰ ਧਕੇ ਮਾਰ ਕੇ ਕੱਢ ਦਿਤਾ ਤੇ ਸਾਕਾਹਾਰੀ (Vegeterian) ਵਿਦਵਾਨਾਂ ਨੂੰ ਮਾਣ ਬਖ਼ਸ਼ਿਆ, ਸਤਿਕਾਰ ਕੀਤਾ ਤੇ ਆਪਣੇ ਦਰ ਤੇ ਪ੍ਰਵਾਨ ਕੀਤਾ।

ਕੀ ਇਸ ਸਾਖੀ ਦਾ ਤਾਤਪ੍ਰਜ ਇਹ ਨਹੀਂ ਨਿਕਲਦਾ ਕਿ ਮਾਸ ਖਾਣ ਵਾਲਿਆਂ ਨੂੰ ਦਸਮ ਪਾਤਸ਼ਾਹ ਦੇ ਦਰੋਂ ਧੱਕੇ ਪੈਂਦੇ ਅਤੇ ਉਥੇ ਇਹ ਤ੍ਰਿਸਕਾਰੇ ਜਾਂਦੇ ਹਨ ?

ਪੰਥ ਪ੍ਰਕਾਸ਼ ਇਸ ਸਾਖੀ ਨੂੰ ਇਹਨਾਂ ਸ਼ਬਦਾਂ ਵਿਚ ਲਿਖਦਾ ਹੈ —

ਸਤਰਾ ਸੈ ਤ੍ਰਿਝਵੇਂ ਸਾਲ, ਖਬਰ ਦੇਸ਼ ਮੇ ਭਈ ਬਿਸਾਲ। ਬਿਪ੍ਰ ਦੇਸ਼ ਬਦੇਸ਼ੀ ਆਏ, ਸਤਿਗੁਰੂ ਬਾੜੇ ਦੋ ਬਣਵਾਏ। ਇਕ ਦਿਸ ਭੋਜਨ ਭਯੋ ਸੁਮਾਸੁ, ਦੂਸਰ ਦਿਸਾ ਭਏ ਬਿਨ ਮਾਸੁ। ......

(ਪੰਥ ਪ੍ਰਕਾਸ਼ ਪੰਨਾ ੨੧੧-੨੧੨)

ਸਾਖੀ ਸੂਰਜ ਪ੍ਰਕਾਸ਼ ਅਨੁਸਾਰ ਹੀ ਹੈ। ਸੌ ਸਾਖੀ ਵਿਚ ਇਸ ਪ੍ਰਸੰਗ ਨੂੰ ਇਸ ਪ੍ਰਕਾਰ ਲਿਖਿਆ ਹੈ —

ਏਕ ਸਮੇ ਸ੍ਰੀ ਸਤਿਗੁਰੂ, ਧਰਮ ਪਰੀਛਾ ਹੇਤ।
ਕਰਯੋ ਜਗ ਨਿਵਤਾ ਕੀਆ, ਭੋਜਨ ਕਰਾ ਸੰਕੇਤ।
ਐਸੋ ਕਹਿਯੋ ਸੁਨਾਇ ਕੇ, ਪੈਸੇ ਕਹਯੋ ਸੁ ਹੋਇ।
ਖੀਰ ਖੰਡ ਕਾ ਭੋਗਤਾ, ਏਕ ਰੁਪਯਾ ਤਾਹਿ।
ਜਬ ਖਾਇ ਚੁਕੇ ਬਹੁ ਲੋਭ ਕਰ ਮਾਸਾਹਾਰੀ ਆਹਿ।
ਖੀਰ ਅਹਾਰੀ ਮੁਹਰ ਇਕ ਮਾਸੁ ਕੁ ਰੁਪਯਾ ਇਕ।
ਬਚਨ ਕੀਆ ਸ੍ਰੀ ਗੁਰੂ ਜੀ ਇਹ ਲੋਭ ਧਰਮ ਨ ਜਿਕ। ਓਹ ਸਾਧ ਜਿਨ ਲੋਭ ਨਹਿ ਧਰਮ ਜਗਾਯੋ ਸਤਿ। ਮਾਸੁ ਖਾਇ ਸੁ ਬਿਪਰ ਕਹਾਂ, ਸੋ ਚੰਡਾਲ ਕਾ ਮਤਿ। (ਸੌ ਸਾਖੀ, ਸਾਖੀ ੬੮)

ਮਾਸ ਖਾਣ ਵਾਲਾ ਸ੍ਰੇਸ਼ਟ ਕਿਵੇਂ ਹੋ ਸਕਦਾ ਹੈ ? ਸੌ ਸਾਖੀ ਦੇ ਕਹੇ ਅਨੁਸਾਰ, ਸਤਿਗੁਰੂ ਜੀ ਦੀਆਂ ਨਜ਼ਰਾਂ ਵਿਚ ਉਹ ਤਾਂ ਚੰਡਾਲ ਹੈ।

ਤਾਰੀਖ਼ ਗੁਰੂ ਖਾਲਸਾ ਦੇ ਪੰਨਾ ੪੫੧ ਉਤੇ ਇਹ ਸਾਖੀ ਇਸੇ ਪ੍ਰਕਾਰ ਹੀ ਲਿਖੀ ਹੈ।

ਇਸ ਸਾਖੀ ਤੋਂ ਇਹ ਸਿਧ ਹੁੰਦਾ ਹੈ ਕਿ ਸਤਿਗੁਰੂ ਜੀ ਨੇ ਜਦ ਕਿਸੇ ਦੀ ਇਨਸਾਨੀਅਤ, ਮਨੁਖਤਾ, ਸ੍ਰੇਸ਼ਟਤਾ, ਵਿਦਵਤਾ, ਆਚਰਨ, ਚਰਿਤਰ, ਸ਼ਖ਼ਸੀਅਤ ਜਦੋਂ ਕਿਧਰੇ ਪਰਖਣੀ ਹੁੰਦੀ ਸੀ ਤਾਂ ਉਹ ਇਸ ਦੀ ਪ੍ਰੀਖਯਾ ਉਸ ਦੇ ਅਹਾਰ ਤੋਂ ਹੀ ਕਰਦੇ ਸਨ।

[ਚਲਦਾ]

---

**ਪਾਠਕਾਂ ਪ੍ਰਤੀ ਬੇਨਤੀ—**੧. ਤੁਹਾਡਾ ਚਿਟ ਨੰਬਰ ਹਰ ਮਹੀਨੇ ਐਡਰੈਸ ਦੇ ਨਾਲ ਅਸੀਂ ਲਿਖ ਕੇ ਭੇਜਦੇ ਹਾਂ, ਚਿੱਠੀ ਪੱਤਰ ਕਰਨ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ ਜੀ।
੨. ਚੰਦੇ ਦਾ ਮਨੀਆਰਡਰ ਭੇਜਣ ਸਮੇਂ ਹੇਠਲੇ ਕੂਪਨ ਤੇ ਆਪਣਾ ਚਿਟ ਨੰਬਰ ਤੇ ਪੂਰਾ ਐਡਰੈਸ ਲਿਖੋ।
੩. ਜਿਸ ਮਹੀਨੇ ਦਾ ਪਰਚਾ ਡਾਕ ਵਿਚ ਗੁੰਮ ਹੋ ਜਾਵੇ ਤੇ ਤੁਹਾਨੂੰ ਨਾ ਮਿਲੇ, ਉਸੇ ਮਹੀਨੇ ਦੀ ੧੫ ਤਰੀਕ ਤੋਂ ਪਹਿਲਾਂ ਕਾਰਡ ਲਿਖੋ, ਤਾਕਿ ਹੋਰ ਪਰਚਾ ਭੇਜ ਸਕੀਏ। ਬਾਅਦ ਵਿਚ ਪਰਚੇ ਖ਼ਤਮ ਹੋ ਜਾਂਦੇ ਹਨ।

**ਲੇਖਕ ਸਜਣ** ਗੁਰਬਾਣੀ ਦੀਆਂ ਤੁਕਾਂ ਸਦਾ ਸੋਧ ਕੇ ਭੇਜਣ ਦੀ ਕਿਰਪਾ ਕਰਨ।

ਦਾਸ—ਮੈਨੇਜਰ ਸੂਰਾ c/o ਸਿੰਘ ਬ੍ਰਦਰਜ਼, ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

www.AKJ.Org

# ਸਿੱਖਾਂ ਨਾਲ ਧੱਕਾ ਕਿਉਂ ਕਰਦੇ ਹੋ ?

[ ਵਲੋਂ—ਗਿ: ਸ਼ਾਦੀ ਸਿੰਘ ਜੀ, ਐਡੀਟਰ ਅਕਾਲੀ ਪਤ੍ਰਿਕਾ, ਜਲੰਧਰ ]

ਕੋਈ ਸਮਾਂ ਸੀ ਜਦ ਫੌਜਾਂ ਵਿਚ ਸਿਖੀ ਰਹਿਤ-ਬਹਿਤ ਦੀ ਪਾਬੰਦੀ ਨੂੰ ਇਕ ਵਿਸ਼ੇਸ਼ ਗੁਣ ਸਮਝਿਆ ਜਾਂਦਾ ਸੀ। ਅੰਗਰੇਜ਼ੀ ਅਧਿਕਾਰ ਵੇਲੇ ਫੌਜ ਦਾ ਹਰ ਸਿੱਖ ਭਾਵੇਂ ਉਹ ਸਾਧਾਰਣ ਫੌਜੀ ਸੀ ਤੇ ਭਾਵੇਂ ਇਕ ਵੱਡਾ ਅਫ਼ਸਰ, ਸਿੱਖੀ ਰਹਿਤ-ਬਹਿਤ ਵਿਚ ਨਿਪੁੰਨ ਹੁੰਦਾ ਸੀ। ਕੋਈ ਵੀ ਸਿੱਖ ਫੌਜੀ ਨਾ ਕਦੇ ਪਵਿਤਰ ਕੇਸਾਂ ਤੇ ਦਾੜ੍ਹੇ ਦੀ ਬੇਅਦਬੀ ਕਰਵਾਉਣ ਦੀ ਅਵੱਗਿਆ ਕਰਦਾ ਸੀ ਤੇ ਨਾ ਹੀ ਅਜਿਹੀ ਅਵੱਗਿਆ ਨੂੰ ਸਹਿਨ ਹੀ ਕੀਤਾ ਜਾਂਦਾ ਸੀ। ਸਾਧਾਰਣ ਜਿਹੀ ਗਲਤੀ ਕਰਨ ਵਾਲੇ ਫੌਜੀ ਸਿਖ ਨੂੰ ਵੀ ਸਜ਼ਾ ਮਿਲਦੀ ਸੀ ਤੇ ਇਸ ਤਰ੍ਹਾਂ ਫੌਜ ਵਿਚ ਜਾਣ ਵਾਲੇ ਸਿੱਖ ਪੱਕੇ ਰਹਿਤੀਏ ਸਮਝੇ ਜਾਂਦੇ ਸਨ। ਅਜ ਪੰਜਾਬ ਤੇ ਬਾਹਰਲੀਆਂ ਸਟੇਟਾਂ ਵਿਚ ਜਿੰਨੇ ਵੀ ਰੀਟਾਇਰਡ ਫੌਜੀ ਮੌਜੂਦ ਹਨ, ਉਨ੍ਹਾਂ ਵਿਚੋਂ ਕੋਈ ਵੀ ਅਜਿਹਾ ਨਹੀਂ, ਜੋ ਸਿੱਖ ਰਹਿਤ-ਮਰਿਯਾਦਾ ਦੇ ਸਬੰਧ ਵਿਚ ਕਿਸੇ ਤਰ੍ਹਾਂ ਦੀ ਅਵੱਗਿਆ ਕਰਦਾ ਹੋਵੇ। ਪਰੰਤੂ ਇਸ ਵੇਲੇ ਫੌਜ ਵਿਚ ਜੋ ਸਿਖ ਨੌਕਰੀ ਕਰ ਰਹੇ ਹਨ, ਉਨ੍ਹਾਂ ਵਿਚੋਂ ਬਥੇਰੇ ਅਜਿਹੇ ਹਨ, ਜੋ ਪਵਿੱਤਰ ਕੇਸਾਂ ਤੇ ਦਾੜ੍ਹਿਆਂ ਦੀ ਬੇਅਦਬੀ ਕਰਦੇ ਹਨ। ਕਈ ਵਡੇ ਅਫਸਰ ਤਾਂ ਘੋਨ-ਮੋਨ ਹੀ ਹੋ ਚੁਕੇ ਹਨ ਅਤੇ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਵੀ ਸਿੱਖੀ ਦਾਇਰੇ ਵਿਚ ਦਾਖ਼ਲ ਕਰਨ ਦੀ ਲੋੜ ਨਹੀਂ ਸਮਝੀ।

ਹਰ ਕਿਸੇ ਨੂੰ ਪਤਾ ਹੈ ਕਿ ਅਜ਼ਾਦੀ ਤੋਂ ਪਿਛੋਂ ਸਾਡੀ ਸਰਕਾਰ ਨੇ 'ਸੈਕੂਲਰਇਜ਼ਮ' ਦੀ ਨੀਤੀ ਧਾਰਨ ਕੀਤੀ ਹੋਈ ਹੈ। ਇਸ ਨੀਤੀ ਅਨੁਸਾਰ ਇਹ ਜ਼ਰੂਰੀ ਨਹੀਂ ਕਿ ਕੋਈ ਬੰਦਾ ਆਪਣੇ ਧਰਮ ਵਿਚ ਪਰਪੱਕ ਰਹੇ। ਉਸਨੂੰ ਇਹ ਆਜ਼ਾਦੀ ਪ੍ਰਾਪਤ ਹੈ ਕਿ ਉਹ ਜਿਵੇਂ ਜੀ ਚਾਹੇ ਉਸੇ ਤਰ੍ਹਾਂ ਕਰ ਲਵੇ। ਫੌਜ ਵਿਚ ਜਿਨ੍ਹਾਂ ਸਿੱਖ ਅਫਸਰਾਂ ਨੇ ਆਪਣੇ ਕੇਸਾਂ ਦੀ ਬੇਅਦਬੀ ਕਰਵਾਈ ਹੈ ਉਨ੍ਹਾਂ ਨੂੰ ਕਿਸੇ ਨੇ ਪ੍ਰੇਰਨਾ ਕਰ ਕੇ ਅਜਿਹਾ ਨਾ ਵੀ ਕਰਵਾਇਆ ਹੋਵੇ, ਹਾਲਾਤ ਨੇ ਉਨ੍ਹਾਂ ਨੂੰ ਇਸ ਪਾਸੇ ਤੁਰਨ ਲਈ ਮਜਬੂਰ ਕਰ ਦਿਤਾ ਜਾਪਦਾ ਹੈ।

ਇਹ ਗੱਲ ਤਾਂ ਰਹੀ ਉਨ੍ਹਾਂ ਸਿਖ ਫੌਜੀਆਂ ਦੀ ਜੋ ਆਪਣੀ ਮਰਜ਼ੀ ਨਾਲ ਜਾਂ ਹਾਲਾਤ ਦੀ ਮਜਬੂਰੀ ਨਾਲ ਸਿਖੀ ਤੋਂ ਦੂਰ ਜਾ ਰਹੇ ਹਨ, ਪਰੰਤੂ ਸਾਡੇ ਨੋਟਿਸ ਵਿਚ ਇਹ ਗਲ ਲਿਆਂਦੀ ਗਈ ਹੈ ਕਿ ਭਾਰਤੀ ਸਮੁੰਦਰੀ ਅਤੇ ਹਵਾਈ ਸੈਨਾ ਵਿਚੋਂ ਉਹਨਾਂ ਸਿੱਖ ਮੁਲਾਜ਼ਮਾਂ ਨੂੰ ਨੌਕਰੀਉਂ ਜੁਆਬ ਦਿਤਾ ਜਾ ਰਿਹਾ ਹੈ, ਜੋ ਦਾੜ੍ਹੀ ਖੁਲ੍ਹੀ ਰਖਦੇ ਹਨ। ਇਸ ਸੰਬੰਧ ਵਿਚ ਕਈ ਸਿਖ ਸੰਸਥਾਵਾਂ ਨੇ ਜ਼ੋਰਦਾਰ ਪਰੋਟੈਸਟ ਦੇ ਮਤੇ ਪਾਸ ਕੀਤੇ ਹਨ ਤੇ ਇਸ ਗੱਲ ਦਾ ਡਰ ਪ੍ਰਗਟ ਕੀਤਾ ਹੈ ਕਿ ਜੇ ਸਿੱਖਾਂ ਨੂੰ ਦਾੜ੍ਹਾ ਖੋਲ੍ਹ ਕੇ ਰੱਖਣ ਦੀ ਵੀ ਸਜ਼ਾ ਮਿਲਣੀ ਹੈ ਤਾਂ ਸਿਖੀ ਨੂੰ ਇਸ ਸੈਕੂਲਰ ਦੇਸ਼ ਵਿਚ ਬਚਾਉਣਾ ਮੁਸ਼ਕਿਲ ਹੀ ਨਹੀਂ, ਅਸੰਭਵ ਹੋ ਜਾਏਗਾ।

ਅਸੀਂ ਪਰਧਾਨ ਮੰਤਰੀ ਨੂੰ ਵਿਸ਼ੇਸ਼ ਤੌਰ ਪਰ ਕਹਾਂਗੇ ਕਿ ਉਨ੍ਹਾਂ ਨੂੰ ਭਾਰਤ ਦੀਆਂ ਘਟ ਗਿਣਤੀਆਂ ਨਾਲ ਇਸ ਤਰ੍ਹਾਂ ਦਾ ਸਲੂਕ ਨਹੀਂ ਹੋਣ ਦੇਣਾ ਚਾਹੀਦਾ। ਸਿੱਖ ਦੇਸ਼ ਦੀ ਇਕ ਮਹਾਨ ਘੱਟ-ਗਿਣਤੀ ਹੀ ਨਹੀਂ ਸਗੋਂ ਇਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਪ੍ਰਾਪਤੀ ਤੇ ਇਸਦੀ ਉਸਾਰੀ ਵਿਚ ਭਾਰੀ ਹਿੱਸਾ ਪਾਇਆ ਹੈ। ਜੇ ਪਿਛਲੀਆਂ ਗੱਲਾਂ ਵਲ ਕੋਈ ਧਿਆਨ ਨਾ ਵੀ ਦਿਤਾ ਜਾਏ, ਤਦ ਵੀ ਪਿਛਲੇ ੨੭ ਸਾਲਾਂ ਵਿਚ ਹੋਈਆਂ ਲੜਾਈਆਂ ਦੇ ਨਤੀਜੇ ਦਸਦੇ ਹਨ ਕਿ ਸਿੱਖਾਂ ਨੇ ਦੇਸ਼ ਦੀ ਰਾਖੀ ਲਈ ਭਾਰੀ ਕੁਰਬਾਨੀਆਂ ਕੀਤੀਆਂ ਹਨ। ਇਨ੍ਹਾਂ ਜੰਗਾਂ ਵਿਚ ਮਰਨ ਤੇ ਜ਼ਖ਼ਮੀ ਹੋਣ ਵਾਲਿਆਂ ਦੀ ਗਿਣਤੀ ਕਰ ਕੇ ਇਹ ਹਿਸਾਬ ਲਗਾਉਣਾ ਔਖਾ ਨਹੀਂ ਹੋਵੇਗਾ ਕਿ ਸਿਖਾਂ ਨੇ ਆਪਣੀ ਵੱਸੋਂ ਦੇ ਲਿਹਾਜ਼ ਅਨੁਸਾਰ ਕਈ ਗੁਣਾ ਵਧ ਕੁਰਬਾਨੀਆਂ ਦਿੱਤੀਆਂ ਹਨ। ਇਹੋ ਗਲ ਸੁਤੰਤਰਤਾ-ਸੰਗਰਾਮਾਂ ਦੇ ਸੰਬੰਧ ਵਿਚ ਕਹੀ ਜਾ ਸਕਦੀ ਹੈ। ਇਹ ਠੀਕ ਹੈ ਕਿ ਅਜ ਉਹ ਸਾਰੇ ਪੁਰਾਣੇ ਆਗੂ ਰੱਬ ਨੂੰ ਪਿਆਰੇ ਹੋ ਚੁਕੇ ਹੋਏ ਹਨ, ਜਿਨ੍ਹਾਂ ਦੇ ਸਮੇਂ ਸਿਖਾਂ ਨੇ ਦੇਸ਼ ਲਈ ਵਧ ਚੜ੍ਹ ਕੇ ਕੁਰਬਾਨੀਆਂ ਕੀਤੀਆਂ, ਫਾਂਸੀਆਂ ਦੇ ਰੱਸੇ ਆਪਣੇ ਗਲਾਂ ਵਿਚ ਪੁਆਏ, ਜਿਹਲਾਂ ਦੀਆਂ



www.AKJ.Org

ਕਾਲ-ਕੋਠੜੀਆਂ ਵਿਚ ਲੰਬੇ ਸਮਿਆਂ ਲਈ ਤਸੀਹੇ ਝੱਲੇ, ਲੱਖਾਂ ਰੁਪਏ ਜੁਰਮਾਨਿਆਂ ਵਜੋਂ ਦਿਤੇ ਅਤੇ ਕਰੋੜਾਂ ਰੁਪਿਆਂ ਦੀਆਂ ਜਾਇਦਾਦਾਂ ਕੁਰਕ ਕਰਵਾਈਆਂ, ਪਰ ਫਿਰ ਵੀ ਇਤਿਹਾਸ ਦੇ ਪੰਨਿਆਂ ਉੱਤੇ ਲਿਖੀਆਂ ਇਹ ਸਾਰੀਆਂ ਗੱਲਾਂ ਕਿਸੇ ਤਰ੍ਹਾਂ ਅੱਖੋਂ ਲਾਂਭੇ ਨਹੀਂ ਕੀਤੀਆਂ ਜਾ ਸਕਦੀਆਂ। ਸਿੱਖਾਂ ਨਾਲ ਕੀਤੇ ਗਏ ਰਾਜਨੀਤਕ ਵਾਅਦੇ ਤਾਂ ਪੂਰੇ ਕਰਨੇ ਇਕ ਪਾਸੇ ਰਹੇ, ਸਿਖਾਂ ਨਾਲ ਹੋਰਨਾਂ ਲੋਕਾਂ ਵਰਗਾ ਵਰਤਾਉ ਵੀ ਨਹੀਂ ਕੀਤਾ ਜਾ ਰਿਹਾ। ਸਿਖ ਇਉਂ ਅਨੁਭਵ ਕਰਦੇ ਹਨ ਕਿ ਇਨ੍ਹਾਂ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਨਾਲੋਂ ਵੀ ਭੈੜਾ ਵਰਤਾਉ ਹੋ ਰਿਹਾ ਹੈ।

ਸਿੱਖ ਧਰਮ ਬਾਰੇ ਜੋ ਨੀਤੀ ਵਰਤਮਾਨ ਸਰਕਾਰ ਨੇ ਧਾਰਨ ਕੀਤੀ ਹੋਈ ਹੈ, ਜੇ ਉਸ ਨੂੰ ਸੈਕੂਲਰਇਜ਼ਮ ਦੇ ਪਰਦੇ ਹੇਠ ਲੁਕਾਉਣ ਦੀ ਕੋਸ਼ਿਸ਼ ਨਾ ਕੀਤੀ ਜਾਏ ਤਾਂ ਸਪੱਸ਼ਟ ਤੌਰ ਪਰ ਪਤਾ ਲਗ ਜਾਂਦਾ ਹੈ ਕਿ ਇਸ ਨਾਲੋਂ ਵਡੀ ਫ਼ਿਰਕਾਪ੍ਰਸਤੀ ਕੁਝ ਹੋਰ ਨਹੀਂ ਹੋ ਸਕਦੀ। ਕਿਹਾ ਗਿਆ ਹੈ ਕਿ ਦੇਸ ਵਿਚ ਹਰ ਕਿਸੇ ਨੂੰ ਧਰਮ ਦੀ ਆਜ਼ਾਦੀ ਹੈ, ਪਰੰਤੂ ਸਿਖਾਂ ਦੇ ਮਾਮਲੇ ਵਿਚ ਇਹ ਆਜ਼ਾਦੀ ਨਹੀਂ ਦਿਤੀ ਜਾ ਰਹੀ। ਸਿਖ ਧਰਮ ਅਨੁਸਾਰ ਕੇਸਾਂ ਤੇ ਦਾੜ੍ਹਿਆਂ ਦੀ ਪਵਿੱਤਰਤਾ ਨੂੰ ਕਾਇਮ ਰਖਣਾ ਅਤੀ ਜ਼ਰੂਰੀ ਹੈ। ਦਾੜ੍ਹਾ ਖੁਲ੍ਹਾ ਛਡਣਾ ਜ਼ਰੂਰੀ ਹੈ, ਪਰੰਤੂ ਪਿਛਲੇ ਸਮੇਂ ਵਿਚ ਦਾੜ੍ਹੇ ਨੂੰ ਚੜ੍ਹਾ ਕੇ ਰਖਣ ਦਾ ਜੋ ਰਿਵਾਜ ਪੈ ਗਿਆ ਹੋਇਆ ਹੈ, ਉਸ ਦਾ ਇਹ ਮਤਲਬ ਨਹੀਂ ਕਿ ਦਾੜ੍ਹੇ ਨੂੰ ਖੁਲ੍ਹਾ ਛਡਣਾ ਗੈਰ-ਕਾਨੂੰਨੀ ਹੋ ਗਿਆ ਹੈ।

ਸਾਨੂੰ ਇਹ ਵੇਰਵਾ ਨਹੀਂ ਮਿਲ ਸਕਿਆ ਕਿ ਦਾੜ੍ਹਾ ਪ੍ਰਕਾਸ਼ਮਾਨ ਰਖਣ ਕਾਰਨ ਕਿੰਨੇ ਸਿਖਾਂ ਨੂੰ ਸਮੁੰਦਰੀ ਤੇ ਹਵਾਈ ਸੈਨਾ ਵਿਚੋਂ ਕਢਿਆ ਗਿਆ ਹੈ, ਪਰ ਜੇ ਅਜਿਹਾ ਕੇਸ ਕੇਵਲ ਇਕੋ ਸਿਖ ਦਾ ਹੋਵੇ, ਤਦ ਵੀ ਇਹ ਗੱਲ ਬੇਹਦ ਅਫ਼ਸੋਸਨਾਕ ਤੇ ਦੁਖਦਾਈ ਹੈ। ਸਵਾਲ ਸਹੇ ਦਾ ਨਹੀਂ ਸਗੋਂ ਪਹੇ ਦਾ ਹੈ। ਜੇ ਅੱਜ ਇਕ ਥਾਂ ਖੁਲ੍ਹੇ ਦਾੜ੍ਹੇ ਵਾਲੇ ਸਿੱਖ ਕੰਮ ਨਹੀਂ ਕਰ ਸਕਦੇ ਤਾਂ ਕਲ੍ਹ ਨੂੰ ਇਹ ਸਿਧਾਂਤ ਹੋਰਨਾਂ ਥਾਵਾਂ ਉਤੇ ਲਾਗੂ ਕੀਤਾ ਜਾ ਸਕਦਾ ਹੈ ਤੇ ਇਸ ਤਰ੍ਹਾਂ ਖੁਲ੍ਹੇ ਦਾੜ੍ਹੇ ਵਾਲੇ ਸਿੱਖਾਂ ਲਈ ਭਾਰਤ ਭਰ ਵਿਚ ਮੁਲਾਜ਼ਮਤ ਦੇ ਦਰਵਾਜ਼ੇ ਬੰਦ ਕਰ ਦਿਤੇ ਜਾਣਗੇ। ਸਾਡਾ ਸੰਵਿਧਾਨ ਇਹ ਇਕਰਾਰ ਕਰਦਾ ਹੈ ਕਿ ਦੇਸ਼ ਦੇ ਕਿਸੇ ਵਿਅਕਤੀ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾ ਸਕਦਾ, ਪਰੰਤੂ ਇਸ ਮਾਮਲੇ ਵਿਚ ਸਿਧੇ ਤੌਰ ਪਰ ਕੇਵਲ ਵਿਤਕਰਾ ਹੀ ਨਹੀਂ, ਸਗੋਂ ਧਾਰਮਕ ਤੌਰ ਪਰ ਅਨਿਆਂ ਕੀਤਾ ਜਾ ਰਿਹਾ ਹੈ।

ਅਸੀਂ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਨੂੰ ਕਹਾਂਗੇ ਕਿ ਇਸ ਤਰ੍ਹਾਂ ਦੀਆਂ ਬੇ-ਇਨਸਾਫ਼ੀਆਂ ਦੇ ਕੇਸਾਂ ਦੀ ਮੁਕੰਮਲ ਸੂਚੀ ਪ੍ਰਾਪਤ ਕਰੇ ਤੇ ਭਾਰਤ ਸਰਕਾਰ ਨੂੰ ਸਿਧੇ ਤੌਰ ਪਰ ਇਹ ਲਿਖੇ ਕਿ ਸਿੱਖਾਂ ਨਾਲ ਧਾਰਮਕ ਵਿਤਕਰੇ ਦੀ ਇਸ ਨਾਲੋਂ ਬੁਰੀ ਮਿਸਾਲ ਹੋਰ ਕੋਈ ਹੋ ਨਹੀਂ ਸਕਦੀ। ਕੀ ਭਾਰਤ ਸਰਕਾਰ ਸੁਣੇਗੀ?

[ ਅਕਾਲੀ ਪੱਤ੍ਰਕਾ, ੨-੧-੭੫

## "ਭਾਰਤ ਸਰਕਾਰ ਨੇ ਸਿੱਖਾਂ ਦੀਆਂ ਦਾੜ੍ਹੀਆਂ ਨੂੰ ਭੀ ਹੱਥ ਪਾ ਲਿਆ"

### "ਖੁਲ੍ਹੀ ਦਾੜ੍ਹੀ ਰੱਖਣ ਵਾਲੇ ਸਿੱਖਾ ਨੂੰ ਸਜ਼ਾਵਾਂ, ਤੇ ਨੌਕਰੀ ਤੋਂ ਛੁੱਟੀ"

[ ਵਲੋਂ — ਗਿ: ਗੁਰਦਿਤ ਸਿੰਘ ਜੀ ਐਡੀਟਰ ਸਿੰਘ ਸਭਾ ਪਤ੍ਰਿਕਾ, ਅੰਮ੍ਰਿਤਸਰ ]

ਭਾਰਤ ਦੀ ਸੈਕੂਲਰ ਅਤੇ ਸਭਨਾਂ ਧਰਮਾਂ ਦੀ ਭਾਵਨਾ ਤੇ ਮਾਣ ਮਰਯਾਦਾ ਦਾ ਸਤਿਕਾਰ ਕਰਨ ਦਾ ਦਾਹਵਾ ਕਰਨ ਵਾਲੀ ਸਰਕਾਰ ਨੇ ਸਿੱਖਾਂ ਨੂੰ ਫੌਜ ਵਿਚੋਂ ਛਾਂਟੀ ਕਰਨ ਦੇ ਨਾਲ ਨਾਲ ਹੋਰ ਸਬੰਧਤ ਮਹਿਕਮਿਆਂ ਵਿਚੋਂ ਕਿਸ ਤਰ੍ਹਾਂ ਤੰਗ ਕਰ ਕੇ ਕਢਣਾ ਸ਼ੁਰੂ ਕੀਤਾ ਹੋਇਆ ਹੈ, ਜਿਸ ਦੀ ਮਿਸਾਲ ਹੁਣੇ ਹੁਣੇ ਖੁਲ੍ਹੀ ਦਾੜ੍ਹੀ ਰੱਖਣ ਦੇ ਦੋਸ਼ ਵਿਚ ਕਢੇ ਗਏ ਸਿਖ ਮੁਲਾਜ਼ਮਾਂ ਦੇ ਕੇਸਾਂ ਤੋਂ ਪ੍ਰਗਟ ਹੁੰਦੀ ਹੈ, ਜਿਨ੍ਹਾਂ ਨੂੰ ਕੇਵਲ ਏਸ ਦੋਸ਼ ਕਾਰਨ ਹੀ ਕਰੜੀਆਂ ਸਜ਼ਾਵਾਂ ਨੌਕਰੀ ਤਕ ਤੋਂ ਕੱਢਣ ਦੀਆਂ ਦਿਤੀਆਂ ਜਾ ਰਹੀਆਂ ਹਨ। ਇਸ ਮਸਲੇ ਨੂੰ ਲੈ ਕੇ ਹੁਣ ਤਕ ਅਖੰਡ ਕੀਰਤਨੀ ਜਥਿਆਂ ਦੇ ਸਿੰਘ ਹੀ ਆਪਣੀ ਆਵਾਜ਼ ਉਠਾਉਂਦੇ ਰਹੇ ਹਨ। ਬੀਤੇ ਦਿਨੀਂ ਸ੍ਰੀ ਫ਼ਤਹਿਗੜ੍ਹ

www.AKJ.Org

ਸਾਹਿਬ ਵਿਖੇ ਜਲੰਧਰ ਦੇ ਅਖੰਡ ਕੀਰਤਨੀ ਜੱਥੇ ਦੇ ਸੰਚਾਲਕ ਕਰਨਲ ਦਲਜੀਤ ਸਿੰਘ ਜੀ ਦੀ ਸੁਪਤਨੀ ਬੀਬੀ ਹਰਸ਼ਰਨ ਕੌਰ ਜੀ ਨੇ ਫਤਹਿ ਗੜ੍ਹ ਸਾਹਿਬ ਪੁਜ ਕੇ ਸਮੂੰਹ ਸਿਖਾਂ ਦਾ ਇਸ ਪਾਸੇ ਧਿਆਨ ਦਿਵਾਇਆ। ਬੀਬੀ ਜੀ ਸਿੰਘ ਸਭਾ ਸ਼ਤਾਬਦੀ ਕਮੇਟੀ ਦੇ ਸਰਗਰਮ ਮੈਂਬਰਾਂ ਵਿਚੋਂ ਵੀ ਹਨ।

ਸ੍ਰੀ ਫਤਹਿਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਸਮੇਂ ਸਿੰਘ ਸਭਾ ਸ਼ਤਾਬਦੀ ਕਮੇਟੀ ਵਲੋਂ ਕੀਤੇ ਗਏ ਭਾਰੀ ਦੀਵਾਨ ਵਿਚ ਇਹ ਮਸਲਾ ਸਿਖ ਸੰਗਤਾਂ ਦੇ ਸਾਹਮਣੇ ਰਖ ਕੇ ਵਿਚਾਰਿਆ ਗਿਆ। ਦੀਵਾਨ ਵਿਚ ਇਸ ਸਬੰਧੀ ਇਕ ਵਿਸ਼ੇਸ਼ ਮਤਾ ਸਿੰਘ ਸਭਾ ਸ਼ਤਾਬਦੀ ਕਮੇਟੀ ਦੇ ਜਨਰਲ ਸਕੱਤਰ ਗਿਆਨੀ ਗੁਰਦਿਤ ਸਿੰਘ ਜੀ ਨੇ ਰਖਿਆ ਅਤੇ ਦਾੜ੍ਹੇ ਖੁਲ੍ਹੇ ਰੱਖਣ ਕਰਕੇ ਕਢੇ ਜਾਣ ਵਾਲੇ ਸਿਖਾਂ ਬਾਰੇ ਦਸਿਆ ਕਿ ਉਨ੍ਹਾਂ ਹੁਣ ਦਾੜ੍ਹੀਆਂ ਨਹੀਂ ਖੋਲ੍ਹੀਆਂ ਸਗੋਂ ਉਹ ਪਹਿਲਾਂ ਤੋਂ ਹੀ ਖੁਲ੍ਹੇ ਦਾੜ੍ਹੇ ਨਾਲ ਭਰਤੀ ਹੋਏ ਸਨ। ਕਸੂਰ ਏਨਾ ਹੀ ਹੈ ਕਿ ਹੁਣ ਦਾੜ੍ਹੀਆਂ ਕੁਝ ਵਧ ਗਈਆਂ ਹਨ। ਮੁਸਲਮਾਨ ਜੋ ਦਾੜ੍ਹੀਆਂ ਰਖਦੇ ਹਨ ਉਨ੍ਹਾਂ ਉਪਰ ਇਹ ਪਾਬੰਦੀ ਨਹੀਂ ਲਗਾਈ ਜਾਂਦੀ, ਕੇਵਲ ਸਿਖਾਂ ਨੂੰ ਹੀ ਏਸ ਨੀਤੀ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਇਸ ਬਾਰੇ ਸ: ਗੁਰਚਰਨ ਸਿੰਘ ਟੌਹੜਾ ਵਲੋਂ ਕੀਤੇ ਗਏ ਯਤਨ ਅਤੇ ਸ਼ਰੋਮਣੀ ਕਮੇਟੀ ਵਲੋਂ ਲਿਖਾ ਪੜ੍ਹੀ ਵੀ ਕਾਫ਼ੀ ਹੋ ਚੁਕੀ ਹੈ। ਸ: ਸਵਰਨ ਸਿੰਘ ਦੇ ਨੋਟਸ ਵਿਚ ਵੀ ਸਾਰਾ ਮਸਲਾ ਲਿਆਂਦਾ ਜਾ ਚੁਕਿਆ ਹੈ। ਉਨ੍ਹਾਂ ਦੇ ਕਹਿਣ ਉਤੇ ਸਾਰਾ ਕੇਸ ਵੀ ਭੇਜਿਆ ਜਾ ਚੁਕਿਆ ਹੈ, ਪਰ ਸਜ਼ਾਵਾਂ ਦਾ ਚੱਕਰ ਫਿਰ ਵੀ ਜਾਰੀ ਹੈ। ਇਸ ਮਤੇ ਦੀ ਤਾਈਦ ਕਰਦਿਆਂ ਬੀਬੀ ਹਰਸ਼ਰਨ ਕੌਰ ਜੀ ਨੇ ਵਲਵਲੇ ਭਰੀ ਤਕਰੀਰ ਕਰਦਿਆਂ ਵੇਰਵੇ ਸਹਿਤ ਸਾਰੇ ਹਾਲਾਤ ਦਸੇ ਅਤੇ ਸਿਖਾਂ ਨੂੰ ਝੰਝੋੜਾ ਦਿੰਦਿਆਂ ਕਿਹਾ ਕਿ ਖ਼ਾਲਸਾ ਜੀ ਇਹ ਤਾਂ ਸਿਖਾਂ ਦੀ ਦਾੜ੍ਹੀ ਨੂੰ ਹੱਥ ਪਾਉਣ ਵਾਲੀ ਗੱਲ ਹੀ ਹੈ। ਕੀ ਸਿਖ ਕੌਮ ਐਨੀ ਹੀ ਨਿਰਬਲ ਹੋ ਗਈ ਹੈ ਕਿ ਸਰਕਾਰ ਸਿਖਾਂ ਨਾਲ ਜਿਵੇਂ ਜੀ ਚਾਹੇ ਕਰਦੀ ਰਹੇ ਅਤੇ ਸਿਖ ਚੂੰ ਵੀ ਨਾ ਕਰ ਸਕਣ। ਬੀਬੀ ਜੀ ਨੇ ਸ਼ਹੀਦ ਸਾਹਿਬਜ਼ਾਦਿਆਂ ਦੀ ਕੁਰਬਾਨੀ ਤੇ ਦ੍ਰਿੜ੍ਹਤਾ ਤੋਂ ਸਬਕ ਲੈ ਕੇ ਆਪਣੇ ਧਰਮ ਵਿਚ ਦ੍ਰਿੜ੍ਹ ਰਹਿਣ ਦਾ ਸਬਕ ਲੈਣ ਲਈ ਸੰਗਤਾਂ ਨੂੰ ਵੰਗਾਰਿਆ ਅਤੇ ਕਿਹਾ ਕਿ ਇਸ ਜੋੜ ਮੇਲੇ ਉਤੇ, ਜੋ ਮਾਤਮੀ ਹੈ, ਜਲੇਬੀਆਂ ਖਾਣ ਆਉਣਾ, ਨਸ਼ੇ ਪੀਣੇ ਸ਼ਰਮ ਦੀ ਗੱਲ ਹੈ। ਮਹਾਰਾਜ ਤਾਂ 'ਬਿਨਾਂ ਕੇਸ ਤੇਗ਼ ਦੇਹੁ ਨ ਦੀਦਾਰੇ' ਫ਼ੁਰਮਾਉਂਦੇ ਹਨ। ਜੋ ਦਾੜ੍ਹੀਆਂ ਮੁੰਨੇ ਏਥੇ ਧੂੜਾਂ ਉਡਾਉਂਦੇ ਫਿਰਦੇ ਹਨ—ਇਹ ਕਿਸ ਲਈ ਪੁਜੇ ਹਨ? ਬੀਬੀ ਜੀ ਦੀ ਸਪੀਚ ਦਾ ਸੰਗਤਾਂ ਉਤੇ ਬੜਾ ਹਲੂਣਵਾਂ ਅਸਰ ਪਿਆ। ਇਸ ਪਿਛੋਂ ਗਿਆਨੀ ਕੁੰਦਨ ਸਿੰਘ ਪਤੰਗ ਐਮ. ਐਲ. ਏ. ਨੇ ਇਸ ਮਤੇ ਦੀ ਪ੍ਰੋੜ੍ਹਤਾ ਕਰਦਿਆਂ ਕੇਸਾਂ ਤੇ ਦਾੜ੍ਹੀਆਂ ਬਾਰੇ ਵਿਸਥਾਰ ਸਹਿਤ ਰੌਸ਼ਨੀ ਪਾਈ ਅਤੇ ਸੰਗਤਾਂ ਨੂੰ ਵੰਗਾਰਿਆ ਕਿ ਏਥੇ ਪ੍ਰਣ ਕਰ ਕੇ ਜਾਈਏ ਕਿ ਕੇਸ ਦਾੜ੍ਹੀ ਦੀ ਬੇਅਦਬੀ ਨਹੀਂ ਹੋਣ ਦੇਣੀ। ਮੰਡੀ ਗੋਬਿੰਦਗੜ੍ਹ ਦੇ ਸ: ਮਾਨ ਸਿੰਘ ਜੀ ਖ਼ਾਲਸਾ ਵਲੋਂ ਸੰਗਤਾਂ ਤੋਂ ਇਸ ਮਤੇ ਦੀ ਪਰਵਾਨਗੀ ਜੈਕਾਰਿਆਂ ਦੀ ਗੂੰਜ ਵਿਚ ਲਈ ਗਈ।

ਪਾਸ ਹੋਇਆ ਮਤਾ ਇਸ ਪ੍ਰਕਾਰ ਹੈ :

"੨੬ ਦਸੰਬਰ ਦੇ ਸ੍ਰੀ ਫਤਹਿ ਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਤੇ ਸਜਿਆ ਧਾਰਮਕ ਦੀਵਾਨ, ਕੇਂਦਰੀ ਸਰਕਾਰ, ਖ਼ਾਸ ਕਰ ਡੀਫੈਂਸ ਮਨਿਸਟਰ ਦੇ ਬੜੇ ਦੁਖ ਨਾਲ ਧਿਆਨ ਵਿਚ ਲਿਆਉਂਦਾ ਹੈ ਕਿ ਭਾਰਤ ਸਰਕਾਰ ਦੇ ਨੇਵੀ ਅਤੇ ਏਅਰ ਫ਼ੋਰਸ ਮਹਿਕਮਿਆਂ ਵਿਚ ਕੰਮ ਕਰਨ ਵਾਲੇ ਗੁਰਸਿਖਾਂ ਉਤੇ ਜੋ ਦਾੜ੍ਹਾ ਖੁਲ੍ਹਾ ਰਖਣ ਕਰਕੇ ਨੌਕਰੀ ਤੋਂ ਕੱਢਣ ਅਤੇ ਸਜ਼ਾਵਾਂ ਦੇਣ ਦਾ ਚੱਕਰ ਚਲਾਇਆ ਹੋਇਆ ਹੈ, ਇਹ ਸਿੱਖਾਂ ਦੇ ਧਰਮ ਵਿਚ ਸਿੱਧਾ ਦਖ਼ਲ ਹੈ। ਸਿਖ ਪੰਥ ਸਦਾ ਹੀ ਖੁਲ੍ਹੀ ਦਾੜ੍ਹੀ ਵਾਲੇ ਗੁਰਸਿਖਾਂ ਨੂੰ ਵਧੇਰੇ ਸਤਿਕਾਰ ਯੋਗ ਪਰਵਾਨ ਕਰਦਾ ਰਿਹਾ ਹੈ ਤੇ ਕਰਦਾ ਰਹੇਗਾ। ਪਹਿਲਾਂ ਤੋਂ ਹੀ ਨੌਕਰੀ ਵਿਚ ਖੁਲੇ ਦਾੜ੍ਹਿਆਂ ਵਾਲੇ ਸਿਖਾਂ ਨਾਲ ਅਜਿਹਾ ਦੁਰ-ਵਿਵਹਾਰ ਕਰਨਾ ਕਿਸੇ ਵੀ ਧਰਮ ਨਿਰਪੇਕਸ਼ ਹੋਣ ਦਾ ਦਾਹਵਾ ਕਰਨ ਵਾਲੀ ਸਰਕਾਰ ਲਈ ਮੰਦਾ ਹੈ। ਇਹ ਦੀਵਾਨ ਖੁਲ੍ਹਾ ਦਾੜ੍ਹਾ ਰੱਖਣ ਵਾਲੇ ਸਿਖ ਮੁਲਾਜ਼ਮਾਂ ਵਿਰੁਧ ਇਸ ਕਾਰਵਾਈ ਨੂੰ ਸਿਖੀ ਦੇ ਧਾਰਮਕ ਹੱਕਾਂ ਉਤੇ ਕੋਝਾ ਹਮਲਾ ਸਮਝਦਾ ਹੈ, ਅਤੇ ਇਹ ਹਮਲਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।"

['ਸਿੰਘ ਸਭਾ ਪਤ੍ਰਿਕਾ' ਜਨਵਰੀ ੧੯੭੫

www.AKJ.Org

# ਸੋ ਦਾੜੀਆ ਸਚੀਆ, ਜਿ ਗੁਰ ਚਰਨੀ ਲਗੰਨਿ੍ ॥

[ਸਲੋਕ ਮਹਲਾ ੩]

ਇਸ ਗੁਰਵਾਕ ਦਾ ਸਪੱਸ਼ਟ ਭਾਵ ਇਹ ਹੈ ਕਿ ਸੋਈ ਬੀਬੀਆਂ ਤੇ ਗੁਰਮੁਖ ਸੱਚੀਆਂ ਦਾੜ੍ਹੀਆਂ, ਸੱਚੀਆਂ ਅਤੇ ਸੁੱਚੀਆਂ ਦਾੜ੍ਹੀਆਂ ਹਨ ਜੋ ਗੁਰੂ ਕੀ ਚਰਨੀਂ ਲਗਦੀਆਂ ਹਨ । ਸੋਈ ਸਿੱਧੀਆਂ ਦਾੜ੍ਹੀਆਂ ਵਾਲੇ ਗੁਰਮੁਖ ਜਨ, ਸੱਚੇ ਗੁਰਮੁਖ ਜਨ ਹਨ । ਸੋ ਗੁਰ-ਚਰਨੀ ਲਗਣ ਸਮੇਂ ਤਿਨ੍ਹਾਂ ਦੀਆਂ ਗੁਰਮੁਖੀ ਸਿੱਧੀਆਂ ਦਾੜ੍ਹੀਆਂ ਹੀ ਸੁਤੇ ਸੁਭਾ ਗੁਰ-ਚਰਨੀ ਆਣ ਲਗਦੀਆਂ ਹਨ । ਨਰੜੀਆਂ ਹੋਈਆਂ ਦਾੜ੍ਹੀਆਂ ਵਾਲੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦੇ ਹਨ ਤਾਂ ਉਨ੍ਹਾਂ ਦੀਆਂ ਨੂੜੀਆਂ ਹੋਈਆਂ ਦਾੜ੍ਹੀਆਂ ਗੁਰ-ਚਰਨੀ ਲਗਣੋਂ ਵਾਂਝੀਆਂ ਰਹਿ ਜਾਂਦੀਆਂ ਹਨ ।

ਦਾੜ੍ਹਾ ਸਿੰਘ ਦੀ ਸ਼ਾਨ, ਸਨਮਾਨ ਤੇ ਸਤਿਕਾਰ ਦਾ ਸੂਚਕ ਹੈ ਅਤੇ ਸਿਖੀ ਦੀ ਰਹਿਣੀ ਬਹਿਣੀ ਸਾਦਗੀ ਤੇ ਸੁਸ਼ੀਲਤਾ ਦਾ ਪਰਭਾਵ ਪਾਉਂਦੀ ਹੈ । ਇਸ ਦੇ ਉਲਟ ਦਾੜ੍ਹੀ ਬੰਨ੍ਹਣੀ ਫ਼ੈਸ਼ਨ-ਪ੍ਰਸਤੀ ਦੀ ਕੁਚੇਸ਼ਟਾ ਵਲ ਪ੍ਰੇਰਦੀ ਹੈ । ਇਹ ਫ਼ੈਸ਼ਨ-ਪ੍ਰਸਤੀ ਗੁਰਮਤਿ ਨੂੰ ਅਪ੍ਰਵਾਨ ਹੈ । ਖੁਲ੍ਹੇ ਦਾੜ੍ਹੇ ਵਾਲੇ ਸਿੰਘ ਦਾ ਸਾਦਗੀ ਭਰਪੂਰ ਜਬ੍ਹਾ ਅਤੇ ਤੇਜ ਪ੍ਰਤਾਪ ਖੁਲ੍ਹੇ ਦਾੜ੍ਹੇ ਸਦਕਾ ਹੀ ਦੂਣ-ਸਵਾਇਆ ਤੇ ਜਾਹੋ ਜਲਾਲ ਵਾਲਾ ਹੁੰਦਾ ਹੈ, ਪਰ ਦਾੜ੍ਹੇ ਕਸਣ ਵਾਲਿਆਂ ਦਾ ਪ੍ਰਭਾਵ ਐਨ ਇਸ ਦੇ ਉਲਟ ਹੁੰਦਾ ਹੈ ।

ਸਿਖੀ ਮੰਡਲ ਵਿਚ ਪਰਵੇਸ਼ ਹੋਣ ਸਮੇਂ, ਭਾਵ ਅੰਮ੍ਰਿਤ ਛਕਣ ਸਮੇਂ ਹਰੇਕ ਸਿਖ ਦਾ ਦਾੜ੍ਹਾ ਖੁਲ੍ਹਾ ਹੋਣਾ ਲਾਜ਼ਮੀ ਹੁੰਦਾ ਹੈ । ਅੰਮ੍ਰਿਤ ਛਕਣ ਤੇ ਛਕਾਉਣ ਵਾਲੇ ਪੰਜ ਪਿਆਰਿਆਂ, ਸਭਨਾਂ ਦੇ ਦਾੜ੍ਹੇ ਖੁਲ੍ਹੇ ਹੁੰਦੇ ਹਨ । ਕਸੇ ਹੋਏ ਦਾੜ੍ਹੇ ਵਾਲਾ ਪੰਜਾਂ-ਪਿਆਰਿਆਂ ਦੀ ਕਚਹਿਰੀ ਵਿਚ ਪੇਸ਼ ਹੀ ਨਹੀਂ ਹੋ ਸਕਦਾ । ਇਸ ਤੋਂ ਸਿੱਧ ਹੁੰਦਾ ਹੈ ਕਿ ਸਿਖ ਦਾ ਧਾਰਮਿਕ ਸਰੂਪ ਖੁਲ੍ਹੇ ਦਾੜ੍ਹੇ ਵਾਲਾ ਹੀ ਹੈ, ਅਤੇ ਸਿਖ ਨੇ ਉਮਰ ਪਰਯੰਤ ਇਸੇ ਸਰੂਪ ਵਿਚ ਕਾਇਮ ਦਾਇਮ ਰਹਿਣਾ ਹੈ ।

ਏਅਰ ਫ਼ੋਰਸ ਤੇ ਨੇਵੀ ਵਿਚ ਭਰਤੀ ਹੋਣ ਵਾਲੇ ਸਿਖਾਂ ਵਾਸਤੇ ਹੁਣ ਤਕ ਦਾੜ੍ਹਾ ਬੰਨ੍ਹਣ ਬਾਰੇ ਕੋਈ ਪਾਬੰਦੀ ਨਹੀਂ ਸੀ । ਹਰ ਕੋਈ ਆਪਣੀ ਇੱਛਾ ਅਨੁਸਾਰ ਦਾੜ੍ਹਾ ਖੋਲ੍ਹ ਕੇ ਜਾਂ ਬੰਨ੍ਹ ਕੇ ਰਹਿ ਸਕਦਾ ਸੀ । ਨੇਵੀ ਤੇ ਏਅਰ ਫ਼ੋਰਸ ਵਿਚ ਭਰਤੀ ਹੋਏ ਕਈ ਅੰਮ੍ਰਿਤਧਾਰੀ ਗੁਰਮਤਿ ਭੈ-ਭਾਵਨੀ ਵਿਚ ਵਿਚਰਨ ਵਾਲੇ ਸਿੰਘ ਦਾੜ੍ਹਾ ਖੁਲ੍ਹਾ ਹੀ ਰਖਦੇ ਹਨ । ਕਾਫ਼ੀ ਕਾਫ਼ੀ ਸਮੇਂ ਤੋਂ ਉਹ ਖੁਲ੍ਹੇ ਦਾੜ੍ਹੇ ਨਾਲ ਹੀ ਆਪਣੀ ਨੌਕਰੀ ਦੀਆਂ ਸਾਰੀਆਂ ਡਿਊਟੀਆਂ ਨਿਭਾ ਰਹੇ ਹਨ । ਪਰ ਹੁਣ ਕੁਝ ਸਮੇਂ ਤੋਂ ਖੁਲ੍ਹੇ ਦਾੜ੍ਹੇ ਵਾਲੇ ਸਿੰਘਾਂ ਨੂੰ ਆਪਣੇ ਧਰਮ ਵਿਚ ਪਰਪੱਕ ਰਹਿਣ ਸਦਕਾ ਤੰਗ ਕੀਤਾ ਜਾ ਰਿਹਾ ਹੈ, ਸਜ਼ਾਵਾਂ ਦਿਤੀਆਂ ਜਾ ਰਹੀਆਂ ਹਨ ਅਤੇ ਕੋਰਟ ਮਾਰਸ਼ਲ ਕਰ ਕੇ ਨੌਕਰੀਆਂ ਤੋਂ ਕਢਿਆ ਜਾ ਰਿਹਾ ਹੈ ਅਤੇ ਕਢੇ ਭੀ ਜਾ ਚੁਕੇ ਹਨ ।

ਸਾਡੀ ਸੈਕੂਲਰ ਸਰਕਾਰ ਦੀ ਸਿਖਾਂ ਬਾਰੇ ਇਹ ਨੀਤੀ ਵਿਤਕਰੇ ਵਾਲੀ ਹੈ । ਵਿਧਾਨ ਵਿਚ ਧਰਮ-ਨਿਰਪੱਕਸ਼ ਨੀਤੀ ਅਨੁਸਾਰ ਹਰੇਕ ਭਾਰਤੀ ਨੂੰ ਖੁਲ੍ਹ ਹੈ ਕਿ ਉਹ ਆਪਣੇ ਧਾਰਮਿਕ ਨਿਯਮਾਂ ਅਨੁਸਾਰ ਵਿਚਰ ਸਕਦਾ ਹੈ, ਤਾਂ ਫਿਰ ਆਪਣੇ ਧਰਮ ਵਿਚ ਪਰਪੱਖ ਰਹਿਣ ਵਾਲੇ ਇਨ੍ਹਾਂ ਖੁਲ੍ਹੇ ਦਾੜ੍ਹੇ ਵਾਲੇ ਸਿਖ ਮੁਲਾਜ਼ਮਾਂ ਨੂੰ ਸਜ਼ਾਵਾਂ ਕਿਉਂ ਦਿਤੀਆਂ ਜਾ ਰਹੀਆਂ ਹਨ ? ਤੇ ਬੇਰੁਜ਼ਗਾਰ ਕਿਉਂ ਕੀਤਾ ਜਾ ਰਿਹਾ ਹੈ ? ਕੀ ਇਹ ਫ਼ਿਰਕਾ-ਪ੍ਰਸਤੀ ਨਹੀਂ ?

ਆਪਣੇ ਧਰਮ ਦੇ ਅਸੂਲਾਂ ਵਿਚ ਦ੍ਰਿੜ੍ਹ ਰਹਿਣ ਵਾਲਿਆਂ ਨੂੰ ਤਾਂ ਸਜ਼ਾਵਾਂ ਦਿਤੀਆਂ ਜਾ ਰਹੀਆਂ ਹਨ ਅਤੇ ਕਾਨੂੰਨ ਦੀ ਜ਼ਦ ਵਿਚ ਲਿਆਂਦਾ ਜਾ ਰਿਹਾ ਹੈ । ਪਰ ਕੀ ਇਸ ਦੇ ਉਲਟ ਧਾਰਮਕ ਅਸੂਲਾਂ ਨੂੰ ਭੰਗ ਕਰਨ ਵਾਲਿਆਂ ਤੇ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ ਅਤੇ ਉਹ ਕਿਸੇ ਕਾਨੂੰਨ ਦੀ ਜ਼ਦ ਵਿਚ ਨਹੀਂ ਆਉਂਦੇ ? ਜਦ ਕਿ ਧਰਮ ਵਿਚ ਪਰਪੱਕ ਪੁਰਸ਼ ਭਰੋਸੇ ਯੋਗ ਹੁੰਦੇ ਹਨ, ਅਤੇ ਧਰਮ-ਹੀਣ ਪ੍ਰਾਣੀਆਂ ਤੇ ਕੋਈ ਭਰੋਸਾ ਨਹੀਂ ਕੀਤਾ ਜਾ ਸਕਦਾ । ਜਿਹੜਾ ਆਪਣੇ ਧਰਮ ਦੇ ਅਸੂਲਾਂ ਦੀ ਪਰਵਾਹ ਨਹੀਂ ਕਰਦਾ ਉਹ ਸਰਕਾਰ ਦਾ ਕਿੰਨਾ ਕੁ ਵਫ਼ਾਦਾਰ ਹੋ ਸਕਦਾ ਹੈ ?

[ਬਾਕੀ ਸਫ਼ਾ ੩੨ ਹੇਠ]

www.AKJ.org

# ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ

**ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ, ਘਟਿ ਘਟਿ ਹਰਿ ਭਰਪੂਰਿ ਰਹਿਆ ॥**
**ਨਾਮੁ ਰਤਨ ਤਿਨ ਹਿਰਦੈ ਪ੍ਰਗਟਿਆ, ਜੋ ਗੁਰ ਸਰਣਾਈ ਭਜਿ ਪਇਆ ॥**

[ਪ੍ਰਭਾਤੀ ਮ: ੩, ਪੰਨਾ ੧੩੩੪

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਅੰਦਰ ਗੁਰਮਤਿ ਨਾਮ ਨੂੰ ਗੁਹਜ ਹੀ ਰਖਿਆ ਗਿਆ ਹੈ, ਸਪੱਸ਼ਟ ਰੂਪ ਵਿਚ ਨਹੀਂ ਪ੍ਰਗਟਾਇਆ ਗਿਆ। ਸਤਿਨਾਮ ਨੂੰ ਲਖਾਉਣ ਖ਼ਾਤਰ ਇਸ ਦੇ ਲਖਾਇਕ ਵਿਸ਼ੇਸ਼ਣ ਹੀ ਵਰਤੇ ਗਏ ਹਨ।

(੧)

"*ਸਤਿਨਾਮ ਸ਼ਬਦ ਗੁਰਮੰਤਰ ਨਹੀਂ, ਸਗੋਂ ਗੁਰ-ਮੰਤਰ ਦਾ ਲਖਾਇਕ ਵਿਸ਼ੇਸ਼ਣ ਹੈ। ਗੁਰਮਤਿ ਨਾਮ ਨੂੰ ਗੁਰ-ਮੰਤਰ ਰੂਪ ਹੋਣ ਕਰਕੇ ਆਮ ਤੌਰ ਤੇ ਖੁਲ੍ਹਮ ਖੁਲ੍ਹਾ ਅਖਰਾਂ ਵਿਚ ਪ੍ਰਗਟਾਉਣਾ, ਜ਼ਾਹਰ ਕਰਨਾ, ਜਤਾਉਣਾ ਇਕ ਹੋਛੀ ਗੱਲ ਹੈ। ਇਹ ਗੁਹਜ ਗੁਰ-ਮੰਤਰ ਧੁਰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੁਣ ਤਾਈਂ ਗੁਹਜ ਦਸ਼ਾ ਵਿਚ ਹੀ ਸੀਨਾ-ਬਸੀਨਾ ਚਲਿਆ ਆਇਆ ਹੈ। ਖ਼ੁਦ ਅਕਾਲ ਪੁਰਖ ਨੇ ਇਸ ਨੂੰ ਅਜ਼ਲ ਤੋਂ ਹੀ ਗੁਹਜ ਗੁਪਤ ਰਖਿਆ ਅਤੇ ਕੇਵਲ ਗੁਰੂ ਨਾਨਕ ਸਾਹਿਬ ਪ੍ਰਤੀ ਹੀ ਇਸ ਨੂੰ ਪ੍ਰਗਟਾਇਆ। ਐਸੇ ਅਮੋਲਕ ਪਦਾਰਥ ਨੂੰ, ਜਿਸ ਦੇ ਪ੍ਰਿਥਮ ਜਾਨਣ ਤੇ ਲਖਣ ਦਾ ਅਧਿਕਾਰ ਕੇਵਲ ਗੁਰੂ ਨਾਨਕ ਸਾਹਿਬ ਨੂੰ ਧੁਰ ਦਰਗਾਹੋਂ ਪ੍ਰਾਪਤ ਹੋਇਆ, ਉਸ ਨੂੰ ਭਲਾ ਗੁਰੂ ਨਾਨਕ ਸਾਹਿਬ ਜੀ ਕਿਵੇਂ ਅਨ-ਅਧਿਕਾਰੀ ਜਨਤਾ ਪ੍ਰਤੀ ਪਰਗਟ ਕਰਨ ਦੀ ਖੁਲ੍ਹੀ ਖੇਡ ਵਰਤਾ ਸਕਦੇ ਸਨ।"

"ਗੁਰਬਾਣੀ ਅੰਦਰ ਇਸ ਗੁਰਮਤਿ ਨਾਮ ਗੁਰਮੰਤਰ ਨੂੰ ਬਹੁਤ ਹਦ ਤਾਈਂ ਗੁਹਜ ਹੀ ਰਖਿਆ ਗਿਆ ਹੈ ਤੇ

*ਪੁਸਤਕ 'ਗੁਰਮਤਿ ਲੇਖ' ਪੰਨਾ ੨੩-੨੪, ਰਚਿਤ ਭਾਈ ਸਾਹਿਬ ਰਣਧੀਰ ਸਿੰਘ ਜੀ।

---

[ਸਫ਼ਾ ੩੧ ਦੀ ਬਾਕੀ]

ਸਿਖਾਂ ਲਈ ਤਾਂ ਦਾੜ੍ਹਾ ਖੁਲ੍ਹਾ ਰਖਣਾ ਮਮਨੂਹ ਕਰਾਰ ਦਿਤਾ ਜਾ ਰਿਹਾ ਹੈ, ਪਰ ਕੀ ਇਹ ਕਾਨੂੰਨ ਗ਼ੈਰ-ਸਿਖਾਂ ਤੇ ਲਾਗੂ ਨਹੀਂ ਹੁੰਦਾ; ਜਦ ਕਿ ਕਈ ਗ਼ੈਰ-ਸਿਖ ਆਪਣੀ ਮਨ-ਮਰਜ਼ੀ ਅਨੁਸਾਰ ਵਖੋ ਵਖਰੇ ਫ਼ੈਸ਼ਨਾਂ ਦੀਆਂ ਦਾੜ੍ਹੀਆਂ ਰਖੀ ਫਿਰਦੇ ਹਨ, ਕੋਈ ਮੌਲਵੀ ਫ਼ੈਸ਼ਨ, ਤੇ ਕੋਈ ਕਰਜ਼ਨ ਫ਼ੈਸ਼ਨ ਆਦਿ। ਕੀ ਇਥੋਂ ਇਹ ਸਪੱਸ਼ਟ ਨਹੀਂ ਹੁੰਦਾ ਕਿ ਸਿਖਾਂ ਨਾਲ ਵਿਤਕਰੇ ਵਾਲਾ ਸਲੂਕ ਕੀਤਾ ਜਾ ਰਿਹਾ ਹੈ।

ਨੇਵੀ ਤੇ ਏਅਰ ਫ਼ੋਰਸ ਵਿਚ ਐਨੇ ਚਿਰਾਂ ਤੋਂ ਖੁਲ੍ਹੇ ਦਾੜ੍ਹਿਆਂ ਸਹਿਤ ਹੀ ਸਿੰਘਾਂ ਦੇ ਨੌਕਰੀਆਂ ਕਰਨ ਨਾਲ ਸਰਕਾਰ ਨੂੰ ਕੋਈ ਫ਼ਰਕ ਨਹੀਂ ਪਿਆ ਤੇ ਹੁਣ ਅਜਿਹੀ ਕਿਹੜੀ ਔਕੜ ਪੇਸ਼ ਆ ਗਈ ਹੈ ਜਿਸ ਸਦਕਾ ਉਨ੍ਹਾਂ ਨੂੰ ਤੰਗ ਕੀਤਾ ਤੇ ਸਜ਼ਾਵਾਂ ਦਿਤੀਆਂ ਜਾ ਰਹੀਆਂ ਹਨ।

ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਦੇ ਸੈਨਿਕ ਤੇ ਅਫ਼ਸਰ ਖੁਲ੍ਹੀਆਂ ਦਾੜ੍ਹੀਆਂ ਸਹਿਤ ਹੀ ਹੁੰਦੇ ਸਨ। ਚਾਰ ਵਡੇ ਬਦੇਸ਼ੀ ਜਰਨੈਲ ਲਾਰਡ ਵੈਨਤੂਰਾ ਆਦਿ ਵੀ ਖੁਲ੍ਹਿਆਂ ਦਾੜ੍ਹਿਆਂ ਵਾਲੀ ਸਾਬਤ ਸੂਰਤ ਵਿਚ ਹੀ ਫ਼ੌਜਾਂ ਦੀ ਕਮਾਂਡ ਕਰਦੇ ਸਨ। ਖੁਲ੍ਹਾ ਦਾੜ੍ਹਾ ਕਿਸੇ ਡਿਊਟੀ ਦੇ ਨਿਭਾਉਣ ਵਿਚ ਵਿਘਨਕਾਰੀ ਨਹੀਂ ਸੀ ਹੁੰਦਾ। ਮਹਾਰਾਜੇ ਵਲੋਂ ਉਸ ਵਕਤ ਖੁਲ੍ਹੇ ਤੇ ਸੁੰਦਰ ਦਾੜ੍ਹੇ ਵਾਲਿਆਂ ਨੂੰ ਇਨਾਮ ਦਿਤੇ ਜਾਂਦੇ ਸਨ।

ਨੇਵੀ ਤੇ ਏਅਰ ਫ਼ੋਰਸ ਦੇ ਦੋਹਾਂ ਹੀ ਵਿੰਗਾਂ ਵਿਚ ਸਿੰਘਾਂ ਦੇ ਖੁਲ੍ਹੇ ਦਾੜ੍ਹਿਆਂ ਸਹਿਤ ਹੁਣ ਤਕ ਉਨ੍ਹਾਂ ਦੀਆਂ ਡਿਊਟੀਆਂ ਵਿਚ ਕੋਈ ਵਿਘਨ ਨਹੀਂ ਪਿਆ, ਜਦ ਕਿ ਸਿੰਘ ਹੁਣ ਤਾਈਂ ਖੁਲ੍ਹੇ ਦਾੜ੍ਹਿਆਂ ਸਹਿਤ ਹੀ ਸਾਰੀਆਂ ਡਿਊਟੀਆਂ ਨਿਭਾਉਂਦੇ ਰਹੇ ਹਨ।

ਸੋ ਅਸੀਂ ਭਾਰਤ ਸਰਕਾਰ ਪਾਸ ਬਿਨੈ ਕਰਦੇ ਹਾਂ ਕਿ ਸਿੰਘਾਂ ਨੂੰ ਆਪਣੇ ਧਰਮ ਵਿਚ ਪਰਪੱਕ ਰਹਿਣ ਦਿਤਾ ਜਾਵੇ ਅਤੇ ਉਨ੍ਹਾਂ ਦੇ ਧਰਮ ਵਿਚ ਦਖ਼ਲ-ਅੰਦਾਜ਼ੀ ਨਾ ਕੀਤੀ ਜਾਵੇ। ਕਢੇ ਹੋਏ ਸਿੰਘਾਂ ਨੂੰ ਨੌਕਰੀਆਂ ਤੇ ਬਹਾਲ ਕੀਤਾ ਜਾਵੇ।



www.AKJ.Org

ਆਮ ਤੌਰ ਪਰ ਗੁਰਮਤਿ ਨਾਮ ਲਖਾਇਕ ਹੋਰ ਹੋਰ 'ਰਾਮ', 'ਹਰਿ' ਸੰਗਿਆਂ ਹੀ ਦਿਤੀਆਂ ਗਈਆਂ ਹਨ।''

ਉਪਰੋਕਤ ਵਿਚਾਰ ਦਾ ਸਾਰ ਸਿੱਟਾ ਇਹ ਨਿਕਲਦਾ ਹੈ ਕਿ ਨਾਮ ਦਾ ਸਸਤਾ ਸੌਦਾ ਨਾਮ ਦੇ ਨਾਉਂ ਤੋਂ ਅਸ਼ਰਧਾ ਉਤਪੰਨ ਕਰਾਉਣ ਦੇ ਤੁਲ ਹੈ। ਖੁਲ੍ਹੀ ਸੰਗਤ ਵਿਚ ਨਾਮ ਜਪਣ ਜਪਾਣ ਦੀ ਖੁਲ੍ਹ-ਖੇਡ ਵਰਤਾਉਣੀ ਅਮੋਲਕ ਨਾਮ ਨੂੰ ਕੌਡੀਆਂ ਦੇ ਭਾਅ ਲੁਟਾਉਣਾ ਹੈ। ਗੁਰ-ਹੁਕਮ ਹੈ—

ਹੀਰਾ ਲਾਲੁ ਅਮੋਲਕੁ ਹੈ ਭਾਰੀ, ਬਿਨੁ ਗਾਹਕ
ਮੀਕਾ ਕਾਖਾ ॥.. ਮਨਮੁਖ ਕੋਠੀ ਅਗਿਆਨੁ
ਅੰਧੇਰਾ, ਤਿਨ ਘਰਿ ਰਤਨੁ ਨ ਲਾਖਾ ॥''

[ਜੈਤਸਰੀ ਮਹਲਾ ੪, ਪੰਨਾ ੬੯੬

ਇਸ ਤਰ੍ਹਾਂ ਕਿਸੇ ਦਾ ਸਰਦਾ ਸੌਰਦਾ ਕੁਝ ਨਹੀਂ, ਸਗੋਂ ਕਈ ਹਾਲਤਾਂ ਵਿਚ ਹਾਸੋ-ਹੀਣਾ ਬਣਾਉਂਦਾ ਹੈ। ਅਨ-ਅਧਿਕਾਰੀ ਤੇ ਅਸ਼ਰਧਕ ਪ੍ਰਾਣੀਆਂ ਨੂੰ ਗੁਰਬਾਣੀ ਦੁਆਰਾ ਢੁਕਵੇਂ ਸ਼ਬਦਾਂ ਦੇ ਹਿਰਦੇ-ਵਿੰਨਵੇਂ ਕੀਰਤਨ-ਉਪਦੇਸ਼ ਦੁਆਰਾ ਹੀ ਪ੍ਰੇਰਿਆ ਜਾ ਸਕਦਾ ਹੈ। ਨਿਸ਼ਾਨਾ ਆਪ ਜਪਣ ਦਾ ਤੇ ਆਪ ਰਸ-ਲੀਨ ਹੋਣ ਦਾ ਹੀ ਹੋਣਾ ਚਾਹੀਦਾ ਹੈ, ਨਾ ਕਿ ਨਾਮ ਜਪਣ ਜਪਾਉਣ ਦਾ ਦਿਖਾਵਾ ਕਰਨਾ। ਦੂਜਿਆਂ ਨੂੰ ਰਸ ਤਾਂ ਹੀ ਆ ਸਕਦਾ ਹੈ ਜੇ ਕੀਰਤਨੀਆ ਆਪ ਰਸ-ਲੀਨ ਹੋਵੇ ਤੇ ਨਾਮ-ਰਸ ਜੋਤਿ ਦੇ ਵਿਗਾਸ ਵਿਚ ਹੀ ਕੀਰਤਨ-ਧੁੰਨੀਆਂ ਦੀ ਅੰਮ੍ਰਿਤ-ਵਰਖਾ ਵਿਚ ਸਰਸ਼ਾਰ ਹੋਵੇ।

"ਆਤਮ-ਰਸ ਆਇਆਂ ਹੀ ਵਿਸਮਾਦ-ਰਸ ਦੀ ਲਖਤਾ ਹੁੰਦੀ ਹੈ। ਆਤਮ-ਰਸ ਵਿਚ ਹੀ ਵਿਸਮਾਦ-ਰਸ ਅੰਤਰ-ਆਤਮੇ ਜਾਣਿਆ ਜਾ ਸਕਦਾ ਹੈ। ਉਸ ਤੋਂ ਉਰੇ ਮਾਨਸਕ ਰਸ ਹਨ, ਜੋ ਮਨ ਦੁਆਰਾ ਹੀ ਮਾਣੇ ਜਾ ਸਕਦੇ ਹਨ। ਪਰ ਇਹ ਸਭ ਆਨ ਰਸ (ਕੰਨ-ਰਸ) ਹੋਛੇ ਰਸ ਹਨ, ਇਨ੍ਹਾਂ ਵਿਚ ਬਿਸਮਾਦ ਦੀ ਝਲਕ ਨਹੀਂ।''

ਗੁਰਦੇਵ ਜੀ ਫੁਰਮਾਉ ਦੇ ਹਨ ਕਿ—

ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥
ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥

[ਆਸਾ ਕਬੀਰ ਜੀ, ਪੰਨਾ ੪੭੮

ਸ਼ਬਦ-ਕੀਰਤਨ ਵਿਚ ਲਿਵ-ਲੀਨ "ਰਸ ਕੋ ਗਾਂਡੇ'' ਚੂਸਣਹਾਰੇ ਕੀਰਤਨੀਏ ਹੀ ਸੰਗਤਾਂ ਨੂੰ ਰਸ-ਲੀਨ ਕਰ ਸਕਦੇ ਹਨ ਅਤੇ ਇਸ ਤਰ੍ਹਾਂ ਹੀ ਪ੍ਰਾਣੀ ਪ੍ਰੇਰੇ ਜਾ ਕੇ ਗੁਰੂ-ਪ੍ਰਾਇਣ ਹੁੰਦੇ ਹਨ।

ਰਸ-ਲੀਨਤਾ ਵਾਲਾ ਕੀਰਤਨ ਅਡੋਲ ਤੇ ਅਫੁਰ ਸਮਾਧੀ ਹੈ, ਜਿਸ ਵਿਚ ਵਕਤਾ ਤੇ ਸ੍ਰੋਤਾ ਸਭੇ ਹੀ ਵਿਸਮਾਦ ਰੰਗਾਂ ਵਿਚ ਲੀਨ ਹੁੰਦੇ ਹਨ। 'ਕੀਰਤਨ' ਭਗਤੀ ਹੈ ਅਤੇ ਗੁਰ-ਚਰਨਾਂ ਨਾਲ ਜੁੜਨ ਦਾ ਸਭ ਤੋਂ ਉਤਮ ਵਸੀਲਾ ਹੈ। ਨਿਰੋਲ ਗੁਰਬਾਣੀ ਦਾ ਅਖੰਡ ਤੇ ਅਡੋਲ ਕੀਰਤਨ ਹੀ ਸੁਰਤੀਆਂ ਬਿਰਤੀਆਂ ਨੂੰ ਗੁਰ-ਚਰਨਾਂ ਨਾਲ ਜੋੜਨ ਦੇ ਸਮਰਥ ਹੈ। ਸੋ, ਕੀਰਤਨ ਕਰਨਹਾਰੇ ਗੁਰਮੁਖ ਜਨ ਦੇ ਅਡੋਲ ਬ੍ਰਿਤੀਸ਼ਰੀ ਸ਼ਬਦ-ਸੁਰਤ-ਲੀਨਤਾ ਸਹਿਤ ਕੀਰਤਨ ਕਰਨ ਨਾਲ ਸ੍ਰੋਤਿਆਂ ਤੇ ਅਜ਼ਗੈਬੀ ਰੰਗ ਵਰਤਦਾ ਹੈ। ਐਵੇਂ ਸਹਸ-ਸਿਆਣਪੀ ਤਾਨਾਰੀਰੀਆਂ, ਰੰਗ-ਬਰੰਗੀ ਹੇਕਾਂ ਲਾਉਣੀਆਂ ਅਤੇ ਅਧ-ਪੰਗਤੀਆਂ ਦੇ ਪਰਮਾਣ ਦੇਣੇ, ਨਾਮ-ਰਸ ਤੋਂ ਦੁਰੇਡੇ ਲਿਜਾਣਾ ਹੈ। ਨਿਰੋਲ ਗੁਰਬਾਣੀ ਦਾ ਕੀਰਤਨ ਹੀ ਨਾਮ ਰਸ ਉਪਜਾਇਕ ਹੈ। ਹੋਰ ਪ੍ਰਮਾਣੀਕ ਬਾਣੀਆਂ ਗੁਰਬਾਣੀ ਤੁਲ ਨਹੀਂ ਹੋ ਸਕਦੀਆਂ, ਉਨ੍ਹਾਂ ਨੂੰ ਪ੍ਰਮਾਣ-ਰੂਪ ਵਿਚ ਲੈਣਾ ਯੋਗ ਹੈ। ਗੁਰ-ਹੁਕਮ ਹੈ —

ਗੁਰਬਾਣੀ ਗਾਵਹੁ ਭਾਈ ॥ ਓਹ ਸਫਲ ਸਦਾ
ਸੁਖਦਾਈ ॥ [ਸੋਰਠ ਮ: ੫, ਪੰਨਾ ੬੨੯

ਬਾਣੀ ਤ ਗਾਵਹੁ ਗੁਰੂ ਕੇਰੀ, ਬਾਣੀਆ ਸਿਰਿ
ਬਾਣੀ ॥ [ਅਨੰਦੁ ਸਾਹਿਬ

(੨)

*"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ-ਤਾਬਿਆ ਵਿਚ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਹੀ, ਗੁਰੂ-ਦਸਮੇਸ਼-ਦ੍ਰਿੜ੍ਹਾਈ ਮਰਯਾਦਾ ਅਨੁਸਾਰ ਹੀ ਅਧਿਕਾਰੀ ਜਨਾਂ ਨੂੰ ਗੁਰ-ਮੰਤਰ ਰੂਪੀ ਦੀਖਿਆ ਦਿਤੀ ਜਾ ਸਕਦੀ ਹੈ। ਨਾਮ-ਅੰਮ੍ਰਿਤ-ਪਦਾਰਥ-ਛੰਦਿਆਂ ਦੇ ਵੰਡ ਛਕਣ ਵਾਲੇ ਗੁਰਮੁਖ ਨਾਮ-ਰਸੀਏ ਪਰਉਪਕਾਰੀ ਗੁਰਮੁਖ ਸਿਖ, ਨਾਮ ਦੀ ਮਹੱਤਤਾ ਦ੍ਰਿੜ੍ਹਾ ਦ੍ਰਿੜ੍ਹਾ ਤੇ ਅੰਮ੍ਰਿਤ-ਬੂੰਦ ਦੇ ਚਾਤ੍ਰਿਕ ਬਣਾ ਬਣਾ, ਅਮੀ-ਰਸ ਦੇ ਪਿਆਸੇ ਜਗਿਆਸੂ ਜਨਾਂ ਨੂੰ ਪ੍ਰੇਰ ਪ੍ਰੇਰ, ਗੁਰੂ ਸਾਹਿਬ ਦੀ ਹਜ਼ੂਰੀ ਵਿਚ ਲਿਆ ਲਿਆ ਹਾਜ਼ਰ ਕਰਦੇ ਹਨ, ਅਤੇ

---

*ਪੁਸਤਕ 'ਗੁਰਮਤਿ ਨਾਮ ਅਭਿਆਸ ਕਮਾਈ' ਸਫ਼ਾ ੬੨, ਰਚਿਤ ਭਾ: ਸਾ: ਭਾ: ਰਣਧੀਰ ਸਿੰਘ ਜੀ।



www.AKJ.Org

ਗੁਰੂ ਦੁਆਰਿਓਂ ਨਾਮ-ਦਾਨ ਦਿਵਾਉਂਦੇ ਹਨ। ਇਸ ਬਿਧਿ ਉਹ ਆਪ ਜਪਦੇ ਤੇ ਅਵਰਾਂ ਨੂੰ ਨਾਮ ਜਪਾਉਂਦੇ ਹਨ।

"ਨਾਮ ਜਪਾਉਣ ਦੇ ਅਰਥ ਨਾਮ ਮੰਤ੍ਰਾਉਣ ਦੇ ਕਦੇ ਨਹੀਂ ਹੋ ਸਕਦੇ। ਨਾਮ ਪ੍ਰਾਪਤ ਕਰ ਚੁਕੀਆਂ, ਨਾਮ-ਨਵਰੰਗ ਸੁਹਾਗਵੰਤੀਆਂ, ਸਖੀ-ਸਹੇਲੀਆਂ, ਗੁਰਮੁਖ ਬੁਢ-ਸੁਹਾਗਣੀਆਂ ਦੀ ਸੰਗਤ ਵਿਖੇ ਰਹਿ ਕੇ ਹੀ ਨਾਮ ਜਪਣ ਰੂਪੀ ਕਮਾਈਆਂ ਨੂੰ ਅਧਿਕ ਅਰੂੜ੍ਹ ਕਰ ਸਕੀਦਾ ਹੈ। ਨਵਲ-ਨਵੇਲੀਆਂ ਸਖੀ-ਸਹੇਲੀਆਂ ਨੂੰ ਸਤਿਸੰਗਤ ਵਿਖੇ ਰਹਾਏ-ਗਿਝਾਇ ਕੈ, ਜੋ ਜੋ ਗੁਰਮੁਖ ਜਨ ਨਾਮ ਕਮਾਈਆਂ ਕਰਾਉਂਦੇ ਹਨ, ਉਹ ਆਪ ਜਪਦੇ ਤੇ ਅਵਰਾ ਨਾਮ ਜਪਾਉਂਦੇ ਹਨ।"

ਸੋ ਕੀਰਤਨ ਵਿਚ ਨਾਮ ਦਾ ਜਾਪ ਖੁਲ੍ਹੀ ਸੰਗਤ ਵਿਚ ਕਰਨ ਤੋਂ ਸੰਕੋਚ ਕਰਨਾ ਲਾਜ਼ਮੀ ਹੈ। ਗੁਰ-ਮੰਤਰ ਦਾ ਜਾਪ ਸਹਿਜ ਅਵਸਥਾ ਵਿਚ ਅੰਤਰ ਆਤਮੇ ਹਿਰਦੇ ਵਿਚ ਸੰਭਾਲਣਾ ਹੈ। ਸ਼ਬਦ-ਤਰੰਗੀ ਲੋਰ ਦਾ ਵੇਗ ਜੇ ਕਿਤੇ ਪਰਬਲ ਹੋ ਕੇ ਆਪ-ਮੁਹਾਰਾ ਸਫੁਟ ਨਿਕਲੇ ਤਾਂ ਧੰਨ ਭਾਗ! ਪਰ ਐਵੇਂ ਤੁਕ ਤੁਕ ਨਾਲ ਸਹਸ-ਸਿਆਣਪਾਂ ਵਿਚ ਗੁਰ-ਮੰਤਰ ਦਾ ਉਚਾਰਨ ਓਪਰਾ ਓਪਰਾ ਹੀ ਪ੍ਰਤੀਤ ਹੁੰਦਾ ਹੈ। ਪੰਚਮ (ਪੰਜਾਂ ਪਿਆਰਿਆਂ) ਨੇ ਕਈ ਵੇਰ ਪਾਸ ਕੀਤਾ ਹੈ ਕਿ ਗੁਰ-ਮੰਤਰ ਦਾ ਜਾਪ ਕੀਰਤਨ ਵਿਚ ਸੰਕੋਚ ਨਾਲ ਕੀਤਾ ਜਾਏ।

ਸੰਗਤ ਵਿਚ ਕੀਰਤਨ ਸਮੇਂ ਨਾਮ ਨੂੰ ਹਿਰਦੇ ਵਿਚ ਵਸਾਉਣ ਲਈ ਜੋਦੜੀਆਂ ਵਿਚ ਜੁੜਨਾ ਹੈ। ਕਿਉਂਕਿ ਸਾਹਿਬਾਂ ਦਾ ਫ਼ੁਰਮਾਨ ਹੈ—

ਮੁਖਹੁ ਹਰਿ ਹਰਿ ਸਭ ਕੋ ਕਰੈ, ਵਿਰਲੈ ਹਿਰਦੈ ਵਸਾਇਆ॥ ਨਾਨਕ ਜਿਨ ਕੈ ਹਿਰਦੈ ਵਸਿਆ, ਮੋਖ ਮੁਕਤਿ ਤਿਨ੍ ਪਾਇਆ ॥੮॥੨॥

[ਵਡਹੰਸ ਮ: ੫, ਪੰਨਾ ੮੬੫

ਰਾਮ ਰਾਮ ਸਭੁ ਕੋ ਕਹੈ, ਕਹਿਐ ਰਾਮੁ ਨ ਹੋਇ॥ ਗੁਰ ਪਰਸਾਦੀ ਰਾਮੁ ਮਨਿ ਵਸੈ, ਤਾ ਫਲੁ ਪਾਵੈ ਕੋਇ॥ [ਗੂਜਰੀ ਮ: ੩, ਪੰਨਾ ੪੯੧

ਹਰਿ ਜਨ ਸਿਮਰਉ ਹਿਰਦੈ ਰਾਮ ॥... ਚਰਨ ਕਮਲ ਹਿਰਦੈ ਗਹੁ ਨਾਨਕ, ਸੁਖ ਸਮੂਹ ਬਿਸਰਾਮ॥ [ਜੈਤਸਰੀ ਮ: ੫, ਪੰਨਾ ੭੦੨

ਸੰਗਤ ਵਿਚ ਜ਼ਬਤ ਸਹਿਤ ਬਾ-ਅਦਬ ਰਹਿਣਾ ਜ਼ਰੂਰੀ ਹੈ। ਆਪੇ ਤੋਂ ਬਾਹਰ ਹੋ ਕੇ ਨਚਣ-ਟਪਣ ਵਾਲਿਆਂ ਵਾਂਗੂ ਮਸਤੀਆਂ ਜ਼ਾਹਰ ਕਰਨ ਨਾਲ ਫੋਕੀ ਤਮਾਸ਼ਬੀਨੀ ਦਾ ਪ੍ਰਭਾਵ ਹੀ ਪੈਂਦਾ ਹੈ। ਪਾਰਸ ਰੂਪ ਗੁਰ-ਸ਼ਬਦ (ਨਾਮ) ਦੀ ਕਸੌਟੀ ਦੁਆਰਾ ਆਪਣੇ ਮਨ ਨੂੰ ਮਾਰ ਕੇ ਸਹਿਜ ਰੰਗ ਵਿਚ ਲੀਨ ਹੋਣ ਦੀ ਲੋੜ ਹੈ—

ਉਰਧਾਰਿ ਬੀਚਾਰਿ ਮੁਰਾਰਿ ਰਮੋ ਰਮ ਮਨਮੋਹਨ ਨਾਮੁ ਜਪੀਨੇ ॥...ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ, ਇਉ ਹਰਿ ਪ੍ਰਭੁ ਮੇਰਾ ਭੀਨੇ॥੨॥੧॥੭॥ (ਧਨਾਸਰੀ ਮ: ੪, ਪੰਨਾ ੬੬੮

ਸੁਕ੍ਰਿਤੁ ਕਰਣੀ ਸਾਰੁ ਜਪਮਾਲੀ॥ ਹਿਰਦੈ ਫੇਰਿ ਚਲੈ ਤੁਧੁ ਨਾਲੀ॥ [ਭੈਰਉ ਮ: ੪, ਪੰਨਾ ੧੧੩੪

ਨਾਮ ਗੁਰ-ਮੰਤਰ ਦੀਆਂ ਗੂੰਜਾਂ ਗੁੰਜਾਉਣਾ ਨਾਮ ਪ੍ਰਾਪਤ ਕਰ ਚੁਕੀਆਂ ਸਖੀ-ਸਹੇਲੀਆਂ ਦੇ ਮੰਡਲ ਵਿਚ ਹੀ ਸੋਭਦਾ ਹੈ। ਜਿਨ੍ਹਾਂ ਨੂੰ ਗੁਰ-ਮੰਤਰ ਦੀ ਸਾਰ-ਸੋਝੀ ਹੀ ਨਹੀਂ ਅਤੇ ਜਿਹੜੇ ਅਜੇ ਗੁਰੂ ਵਾਲੇ ਬਣੇ ਹੀ ਨਹੀਂ ਉਨ੍ਹਾਂ ਦੇ ਸੰਗ ਸਾਥ ਗੁਰ-ਮੰਤਰ ਨੂੰ ਗੁਪਤ ਰੂਪ ਵਿਚ ਹੀ ਜਪਣਾ ਯੋਗ ਹੈ। ਸੰਗਤੀ ਜਾਪ ਉਥੇ ਹੀ ਹੋ ਸਕਦਾ ਹੈ, ਜਿਥੇ ਨਿਰੋਲ ਅੰਮ੍ਰਿਤਧਾਰੀ ਸਿੰਘਾਂ ਦੀ ਸੰਗਤ ਹੋਵੇ। 'ਗੁਰ-ਮੰਤਰ ਹੀਣਸ' ਪ੍ਰਾਣੀਆਂ ਦੀ ਸੰਗਤ ਵਿਚ ਗੁਰ-ਮੰਤਰ ਜਪਣਾ-ਜਪਾਉਣਾ ਗੁਰ-ਹੁਕਮਾਂ ਦੀ ਉਲੰਘਣਾ ਹੈ। ਨਾਮ ਵਿਹੂਣੜੀਆਂ ਅੰਧ-ਅੰਧਾਰੀ ਸੁੰਞੀਆਂ ਦੇਹੁਰੀਆਂ ਨੂੰ ਨਾਮ ਦੀ ਸਾਰ ਕੀ ਹੋ ਸਕਦੀ ਹੈ; ਉਨ੍ਹਾਂ ਨੂੰ ਤਾਂ ਗੁਰਬਾਣੀ ਦੇ ਅਮੋਘ ਬਾਣਾਂ ਦੁਆਰਾ ਹੀ ਪ੍ਰੇਰਨਾ ਉਚਿਤ ਹੈ।

---

## ਕਰਤਾਰਪੁਰ ਸਾਹਿਬ ਵਿਖੇ ਕੀਰਤਨ-ਪ੍ਰੋਗਰਾਮ

ਸਮੂਹ ਸੰਗਤਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਸਤਿਗੁਰੂ ਜੀ ਦੇ ਬਖ਼ਸ਼ੇ ਉਦਮ ਅਨੁਸਾਰ ਕਰਤਾਰਪੁਰ ਵਿਖੇ ੨੩-੨-੭੫ ਐਤਵਾਰ ਸਵੇਰੇ ੫ ਵਜੇ ਤੋਂ ੧ ਵਜੇ ਦੁਪਹਿਰ ਤਕ ਅਖੰਡ-ਕੀਰਤਨ ਸਮਾਗਮ ਹੋ ਰਹੇ ਹਨ। ਇਹ ਪ੍ਰੋਗਰਾਮ ਇਤਿਹਾਸਕ ਗੁਰਦਵਾਰਾ ਮਾਤਾ ਗੁਜਰੀ ਜੀ ਦੇ ਅਨੰਦ ਕਾਰਜ ਅਸਥਾਨ ਵਿਖੇ ਹੋਣੇ ਹਨ। ਸਮੂਹ ਸੰਗਤ ਹਰੀ ਜਸ ਦੇ ਲਾਹੇ ਲੈਣ ਲਈ ਦਰਸ਼ਨ ਦੇਣ ਦੀ ਕਿਰਪਾਲਤਾ ਕਰੇ।

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜੱਥਾ, ਕਰਤਾਰਪੁਰ ਜ਼ਿਆਲਪੁਰ

www.AKJ.org

# ਸ਼ਰਾਬ ! ਖ਼ਾਨਾ ਖ਼ਰਾਬ

[ ਵਲੋਂ—ਪ੍ਰੋਫ਼ੈਸਰ ਮਹਿੰਦਰ ਸਿੰਘ ਜੀ 'ਤੇਜ਼' ]

ਸ਼ਰਾਬ ਮਨੁੱਖ ਦੇ ਸਾਰੇ ਨੈਤਿਕ ਮੁੱਲਾਂ ਨੂੰ ਨਾਸ਼ਵਾਨ ਬਣਾਉਂਦੀ ਹੈ, ਫਿਰ ਵੀ ਲੱਖਾਂ ਨਹੀਂ, ਸਗੋਂ ਕਰੋੜਾਂ ਤੇ ਅਰਬਾਂ ਮਨੁਖ ਮੱਦ ਦੇ ਪਿਆਲੇ ਵਿਚੋਂ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਤੋਂ ਬਚਣ ਦਾ ਰਾਹ ਲਭਦੇ ਹਨ। ਪਰ ਕੀ ਜ਼ਿੰਦਗੀ ਦੀਆਂ ਤਲਖ਼ੀਆਂ ਉਨ੍ਹਾਂ ਤੋਂ ਦੂਰ ਹੋ ਜਾਂਦੀਆਂ ਹਨ ? ਇਸ ਦਾ ਉਤਰ ਹੈ—ਨਹੀਂ । ਸ਼ਰਾਬ ਇਕ ਭਰਮ ਜ਼ਰੂਰ ਪੈਦਾ ਕਰਦੀ ਹੈ; ਕਿਉਂਕਿ ਇਹ ਮਨੁੱਖ ਦਿਆਂ ਸੂਖਮ ਇੰਦ੍ਰਿਆਂ ਨੂੰ ਅਚੇਤ ਕਰ ਕੇ ਮਨੁੱਖ ਨੂੰ ਕੁਝ ਪਲ ਲਈ ਉਸ ਦੇ ਆਲੇ ਦੁਆਲੇ ਤੋਂ ਕਟ ਦਿੰਦੀ ਹੈ। ਪਰ ਅਗਲੇ ਹੀ ਪਲ ਜ਼ਿੰਦਗੀ ਦੀਆਂ ਕੁੜੱਤਣਾਂ ਉਵੇਂ ਹੀ ਮੂੰਹ ਅੱਡੀ ਖੜੀਆਂ ਨਜ਼ਰ ਆਉਂਦੀਆਂ ਹਨ, ਸਗੋਂ ਅਗੇ ਤੋਂ ਵੀ ਵਧੇਰੇ ਵਡੇਰੀ ਮਾਤਰਾ ਤੇ ਗਿਣਤੀ ਵਿਚ। ਬੈਂਜਾਮਿਨ ਫ੍ਰੈਂਕਲਿਨ ਲਿਖਦਾ ਹੈ, ਸ਼ਰਾਬ ਮਨੁੱਖ ਦੇ ਫ਼ਿਕਰਾਂ ਤੇ ਚਿੰਤਾਵਾਂ ਨੂੰ ਡੁਬੋਂਦੀ ਨਹੀਂ, ਸਗੋਂ ਇਹਨਾਂ ਨੂੰ ਸਿੰਜ ਕੇ ਇਹਨਾਂ ਦੇ ਵਧਾਰੇ ਨੂੰ ਤੇਜ਼ ਕਰਦੀ ਹੈ।'

ਦਿਨ ਪ੍ਰਤੀ ਦਿਨ ਭਰਮ ਦਾ ਸ਼ਿਕਾਰ ਮਨੁੱਖ ਸ਼ਰਾਬ ਦਾ ਵਧੇਰੇ ਸ਼ਿਕ ਰ ਹੁੰਦਾ ਜਾਂਦਾ ਹੈ। ਇਕ ਦਿਨ ਅਜਿਹਾ ਜ਼ਰੂਰ ਆਉਂਦਾ ਹੈ, ਜਦੋਂ ਉਸ ਦੀ ਸਿਹਤ, ਜ਼ਿੰਦਗੀ ਦੇ ਲੱਖਾਂ ਅਨਮੋਲ ਪਲ, ਧਨ-ਸੰਪਤੀ, ਮਾਨ ਸਤਿਕਾਰ ਤੇ ਨੈਤਿਕ ਸੂਝ-ਬੂਝ ਸ਼ਰਾਬ ਦੇ ਪਿਆਲੇ ਦੀ ਭੇਂਟ ਚੜ੍ਹ ਜਾਂਦੇ ਹਨ ਅਤੇ ਉਸ ਤੋਂ ਅਗਾਂਹ ਵਾਪਸੀ ਦਾ ਕੋਈ ਰਾਹ ਨਹੀਂ ਦਿਸਦਾ।

ਸ਼ਰਾਬ ਪੀਣ ਦਾ ਆਰੰਭ ਆਮ ਤੌਰ ਤੇ ਇਕ ਸ਼ੌਕ ਤੋਂ ਹੁੰਦਾ ਹੈ, ਹੌਲੀ ਹੌਲੀ ਆਦਤ ਵਿਚ ਬਦਲਦਿਆਂ, ਇਹ ਇਕ ਵਬਾਅ ਦਾ ਰੂਪ ਧਾਰਨ ਕਰ ਲੈਂਦੀ ਹੈ। ਕਿਸੇ ਨੇ ਠੀਕ ਹੀ ਆਖਿਆ ਹੈ ਕਿ ਆਰੰਭ ਵਿਚ ਮਨੁੱਖ ਸ਼ਰਾਬ ਨੂੰ ਪੀਂਦਾ ਹੈ ਅਤੇ ਮਗਰੋਂ ਸ਼ਰਾਬ ਮਨੁਖ ਨੂੰ ਪੀਂਦੀ ਹੈ। ਮਨੁਖ ਦਾ ਹੌਲੀ ਹੌਲੀ ਆਪਣੇ ਆਪ ਤੇ ਆਪਣੇ ਮਨ ਤੇ ਆਪਣੀ ਇੱਛਾ-ਸ਼ਕਤੀ ਤੇ ਕਾਬੂ ਘਟਦਾ ਜਾਂਦਾ ਹੈ ਅਤੇ ਪਿਆਲਾ ਇਸ ਸਭ ਕੁਝ ਨੂੰ ਆਪਣੇ ਵਸ ਵਿਚ ਕਰੀ ਜਾਂਦਾ ਹੈ।

ਸ਼ਰਾਬ ਪੀਣ ਵਾਲਿਆਂ ਵਿਚ ਹਰ ਧਰਮ, ਕੌਮ, ਜਾਤ, ਉਮਰ, ਰੰਗ-ਰੂਪ, ਕਿੱਤੇ ਤੇ ਖੇਤਰ ਦੇ ਲੋਕ ਸ਼ਾਮਲ ਹਨ। ਇਸ ਦਾ ਪੀਣਾ ਵਿਅਕਤੀਗਤ ਰੁਚੀ ਤੇ ਆਦਰ ਤੇ ਨਿਰਭਰ ਹੁੰਦਾ ਹੈ। ਇਸ ਲਈ ਸ਼ਰਾਬ ਸੰਬੰਧੀ ਕਿਸੇ ਕੌਮ, ਜ਼ਾਤ, ਕਿੱਤੇ, ਉਮਰ ਜਾਂ ਖੇਤਰ ਦੇ ਲੋਕਾਂ ਦੀਆਂ ਆਦਤਾਂ ਦਾ ਕੋਈ ਸਾਧਾਰਣੀ-ਕਰਨ ਨਹੀਂ ਕੀਤਾ ਜਾ ਸਕਦਾ। ਪਰ ਦੋ ਸ਼੍ਰੇਣੀਆਂ ਦੇ ਲੋਕ ਆਮ ਤੌਰ ਤੇ ਸ਼ਰਾਬ ਦੀ ਵਬਾਅ ਦਾ ਬਹੁਤ ਵਧੇਰੇ ਸ਼ਿਕਾਰ ਹੁੰਦੇ ਹਨ—ਇਕ ਤਾਂ ਨਵੇਂ ਬਣੇ ਅਮੀਰ, ਜਿਹਨਾਂ ਨੇ ਅਣ-ਅਨੁਪਾਤਕ ਸ਼ਹਿਰੀ ਕਰਣ, ਰਾਜਸੀ ਹੇਰਾ ਫੇਰੀਆਂ, ਚੁੰਗੀ-ਚੋਰੀ, ਬਲੈਕ, ਰਿਸ਼ਵਤ ਅਤੇ ਹੋਰ ਅਨੇਕਾਂ ਅਣ-ਸਮਾਜਕ ਅਤੇ ਅਣ-ਮਨੁੱਖੀ ਤਰੀਕਿਆਂ ਤੇ ਹਰੇ ਇਨਕਲਾਬ ਦੁਆਰਾ ਅਮਿਣਵੀਂ ਦੌਲਤ ਪ੍ਰਾਪਤ ਕਰ ਲਈ ਹੈ ਅਤੇ ਇਸ ਨੂੰ ਖ਼ਰਚ ਕਰਨ ਦਾ ਕੋਈ ਚੰਗਾ ਰਾਹ ਉਹਨਾਂ ਨੂੰ ਸੁਝਦਾ ਨਹੀਂ। ਦੂਜੇ ਉਹ ਲੋਕ ਜਿਹੜੇ ਜ਼ਿੰਦਗੀ ਦੀਆਂ ਕੁੜੱਤਣਾਂ ਨੂੰ ਦੂਰ ਕਰਨ ਲਈ ਪਿਆਲੇ ਦੀ ਸ਼ਰਨ ਲੈਂਦੇ ਹਨ ਅਤੇ ਛੇਤੀ ਹੀ ਪਿਆਲਾ ਉਹਨਾਂ ਦਾ ਸਭ ਕੁਝ ਹੋ ਜਾਂਦਾ ਹੈ।

ਮੈਂ ਉਪ੍ਰੋਕਤ ਦੋਹਾਂ ਸ਼੍ਰੇਣੀਆਂ ਦੇ ਨਾਲ ਸੰਬੰਧਤ ਕਾਫ਼ੀ ਲੋਕਾਂ ਦਾ ਜੀਵਨ ਬੜਾ ਨੇੜੇ ਹੋ ਕੇ ਵੇਖਿਆ ਹੈ। ਕੁਝ ਕੁ ਦੀਆਂ ਝਲਕੀਆਂ ਪੇਸ਼ ਕਰਦਾ ਹਾਂ। ਇਕ ਸੱਜਣ ਹਨ, ਜਿਹਨਾਂ ਹਰੇ ਇਨਕਲਾਬ ਸਦਕਾ ਪਿਛਲੇ ੫-੭ ਸਾਲਾਂ ਵਿਚ ੪-੫ ਲੱਖ ਰੁਪਇਆ ਇਕੱਠਾ ਕਰ ਲਿਆ ਹੈ, ਦੋ ਕੁ ਵਰ੍ਹੇ ਪਹਿਲਾਂ ਉਸ ਦੀ ਲੜਕੀ ਦੇ ਵਿਆਹ ਦੇ ਅਵਸਰ ਤੇ ੫੦੦ ਬੋਤਲਾਂ ਤੋਂ ਵਧੇਰੇ ਸ਼ਰਾਬ ਪੀਤੀ ਗਈ। ਹਰ ਸਾਲ ਉਹ ੧੦-੧੧ ਹਜ਼ਾਰ ਰੁਪਏ ਮੁਕੱਦਮਿਆਂ ਉਤੇ ਅਤੇ ਇਸ ਤੋਂ ਕਿਤੇ ਵਧੇਰੇ ਸ਼ਰਾਬ ਤੇ ਖ਼ਰਚ ਕਰਦਾ ਹੈ। ਇਕ ਹੋਰ ਵਿਅਕਤੀ ਦੀ ਕਹਾਣੀ ਬੜੀ ਦਰਦਨਾਕ ਹੈ। ਸਮਗਲਿੰਗ ਦੁਆਰਾ ਉਸ ਨੇ ਅਮਿਣਵੀਂ ਦੌਲਤ ਕਮਾਈ ਸੀ। ਆਪਣੇ ਇਕਲੌਤੇ ਪੁੱਤਰ ਦੇ ਵਿਆਹ



www.AKJ.Org

ਤੇ ਇਤਨੀ ਸ਼ਰਾਬ ਪੀ ਗਿਆ ਕਿ ਪੁਤਰ ਦੇ ਅਨੰਦ ਕਾਰਜ ਤੋਂ ਕੁਝ ਸਮਾ ਪਹਿਲੇ ਹੀ ਉਸ ਦੀ ਮੌਤ ਹੋ ਗਈ। ਇਕ ਹੋਰ ਵਿਅਕਤੀ ਨੇ ਪਾਕਿਸਤਾਨ ਬਨਣ ਮਗਰੋਂ ਟ੍ਰਾਂਸਪੋਰਟ ਕੰਪਨੀ ਸਥਾਪਤ ਕੀਤੀ। ਉਹ ਬੜਾ ਸੱਜਣ ਪੁਰਖ ਸੀ, ਪਰ ਟਰੱਕਾਂ ਰਾਹੀਂ ਜਦੋਂ ਉਸ ਤੇ ਧਨ ਦੀ ਬੁਛਾੜ ਹੋਣ ਲਗੀ, ਤਾਂ ਉਹ ਪਰਲੇ ਦਰਜੇ ਦਾ ਸ਼ਰਾਬੀ ਤੇ ਅਯਾਸ਼ ਬਣ ਗਿਆ। ਇਕ ਦਿਨ ਸ਼ਾਮ ਨੂੰ ਉਸ ਨੇ ਆਪਣੇ ੫-੭ ਵਰ੍ਹੇ ਦੇ ਲੜਕੇ ਨੂੰ ਲਾਡ ਲਾਡ ਵਿਚ ਇਕ ਪੈਗ ਪਿਆ ਦਿਤਾ। ਉਸੀ ਰਾਤ ਬੱਚੇ ਦੀ ਮੌਤ ਹੋ ਗਈ। ਇਕ ਸਨਮਾਨਤ ਸੱਜਣ ਨੇ ਕਾਰਖ਼ਾਨਾ ਲਾ ਕੇ ਮਿਹਨਤ ਤੇ ਕੋਟੇ-ਪ੍ਰਮਟਾਂ ਸਦਕਾ ਬਿਅੰਤ ਧਨ ਕਮਾਇਆ। ਉਸ ਦੇ ਪੁਤਰ ਅਵਲ ਦਰਜੇ ਦੇ ਪਿਆਕ ਹੋ ਗਏ। ਇਕ ਨੌਜਵਾਨ ਪੁਤਰ ਇਕ ਰਾਤ ਪੀਣ ਲੱਗਾ ਤੇ ਪੀਤੀ ਹੀ ਗਿਆ ਅਤੇ ਉਸ ਨੇ ਤਦ ਹੀ ਪੀਣੀ ਬੰਦ ਕੀਤੀ, ਜਦੋਂ ਕਿ ਉਸ ਦੇ ਪ੍ਰਾਣ-ਪੰਖੇਰੂ ਉਡ ਗਏ।

ਉਪਰ ਤਾਂ ਨਵੇਂ ਬਣੇ ਰਈਸਾਂ ਦੀਆਂ ਜੀਵਨ ਝਲਕਾਂ ਸਨ, ਹੁਣ ਉਹਨਾਂ ਲੋਕਾਂ ਦੇ ਜੀਵਨ ਦੀਆਂ ਝਲਕਾਂ ਵੀ ਵੇਖੋ, ਜੋ ਦੋ ਸਮੇਂ ਪੇਟ ਭਰ ਰੋਟੀ ਲਈ ਵੀ ਤਰਸਦੇ ਹਨ, ਪਰ ਸ਼ਰਾਬ ਦੇ ਪਿਆਲੇ ਨੂੰ ਛੱਡ ਨਹੀਂ ਸਕਦੇ। ਇਕ ਰਿਕਸ਼ੇ ਵਾਲਾ, ਜੋ ਦਿਨ ਭਰ ਕਰੜੀ ਮਿਹਨਤ ਮਗਰੋਂ ੧੫-੧੬ ਰੁਪਏ ਕਮਾਉਂਦਾ ਹੈ, ਬੋਤਲ ਲਈ ੧੦ ਰੁਪਏ ਹਰ ਰੋਜ਼ ਸੁਰਖਿਅਤ ਰਖਦਾ ਹੈ। ਕਪੜੇ ਦੀ ਮਿਲ ਵਿਚ ਇਕ ਪਾਵਰ ਲੂਮ ਅਪਰੇਟਰ ੫-੬ ਸੌ ਰੁਪਏ ਮਹੀਨਾ ਕਮਾ ਲੈਂਦਾ ਹੈ, ਪਰ ਉਸ ਦਾ ਸ਼ਰਾਬ ਤੇ ਨਸ਼ੀਲੀਆਂ ਵਸਤਾਂ ਦਾ ਖ਼ਰਚ ਇਤਨਾ ਵਧੇਰੇ ਹੈ ਕਿ ਉਸ ਦੀ ਪਤਨੀ ਨੂੰ ਆਪਣਾ ਤੇ ਆਪਣੇ ੪ ਬਚਿਆਂ ਦਾ ਜੀਵਨ-ਨਿਰਬਾਹ ਚਲਾਉਣ ਲਈ 'ਰਾਤ ਮਾਰੀ' ਲਾਣੀ ਪੈਂਦੀ ਹੈ। ਇਕ ਹੋਰ ਖਰਾਦੀਏ ਦੀ ਕਹਾਣੀ ਸੁਣੋ, ਜੋ ਆਪਣੀ ਸਾਰੀ ਕਮਾਈ ਪਿਆਲੇ ਅਤੇ ਦੁਰਾ-ਚਾਰ ਤੇ ਲਾ ਦਿੰਦਾ ਸੀ ਅਤੇ ਜਿਸ ਦੀ ਪਤਨੀ ਤੇ ਆਪਣੀਆਂ ਤਿੰਨ ਜਵਾਨ ਹੁੰਦੀਆਂ ਧੀਆਂ ਸਮੇਤ ਡਾਈਜ਼ੋਲ (ਖਟਮਲਾਂ ਵਗੈਰਾ ਨੂੰ ਮਾਰਨ ਲਈ ਜ਼ਹਿਰ) ਪੀ ਕੇ ਆਤਮ ਹਤਿਆ ਕਰ ਲਈ ਸੀ। ਅਨੇਕਾਂ ਉਦਾਹਰਣਾਂ ਹੋਰ ਮਿਲ ਸਕਦੀਆਂ ਹਨ ਕਿ ਕਿਵੇਂ ਸ਼ਰਾਬ ਸਰਬ ਨਾਸ਼ ਦਾ ਰਾਹ ਪੱਧਰਾ ਕਰਦੀ ਹੈ।

ਫ਼ਿਕਰਾਂ ਤੇ ਚਿੰਤਾਵਾਂ ਨੂੰ ਦਬਾਉਣ ਅਤੇ ਜ਼ਿੰਦਗੀਆਂ ਦੀਆਂ ਤਲਖ਼ੀਆਂ ਤੋਂ ਭੱਜਣ ਲਈ ਤਾਂ ਪਿਆਲੇ ਦੀ ਸ਼ਰਨ ਆਉਣ ਦੀ ਮੂਰਖਤਾ ਲੋਕ ਕਰਦੇ ਹਨ, ਪਰ ਅਜਿਹੇ ਲੋਕਾਂ ਦੀ ਗਿਣਤੀ ਭੀ ਕੋਈ ਘੱਟ ਨਹੀਂ, ਜੋ ਕੇਵਲ ਆਪਣੀ ਅਮੀਰੀ ਦੀ ਪ੍ਰਦਰਸ਼ਨੀ ਕਰਨ ਜਾਂ ਆਪਣੇ ਆਪ ਨੂੰ ਵੱਡਾ ਦੱਸਣ ਲਈ ਸਰਬ-ਨਾਸ ਦਾ ਰਾਹ ਚੁਣਦੇ ਹਨ। ਪੰਜਾਬ ਦੇ ਪਿੰਡਾਂ ਵਿਚ ਇਹ ਕਰਮ ਆਮ ਹੈ ਕਿ ਜਿੰਨੀ ਵਧੇਰੇ ਸ਼ਰਾਬ ਕੋਈ ਪੀਵੇ, ਉਨਾ ਹੀ ਵਡਾ ਅਮੀਰ ਜ਼ਿਮੀਦਾਰ ਉਹ ਮੰਨਿਆ ਜਾਵੇਗਾ ਅਤੇ ਉਨੇ ਹੀ ਲੋਕ ਉਸ ਤੋਂ ਦਬਣਗੇ। ਇੰਜ ਉਹ ਘਰ ਫੂਕ ਤਮਾਸ਼ਾ ਵੇਖਣ ਵਿਚ ਹੀ ਆਪਣੀ ਸ਼ਾਨ ਸਮਝਦੇ ਹਨ।

ਸ਼ਰਾਬ ਸਰੀਰਕ ਤੇ ਮਾਨਸਕ ਪੱਖ ਤੋਂ ਵੀ ਵਨਾਸ਼-ਕਾਰੀ ਸਿੱਧ ਹੁੰਦੀ ਹੈ। ਵਧੇਰੇ ਸ਼ਰਾਬ ਪੀਣ ਵਾਲਿਆਂ ਨੂੰ ਗੁਰਦੇ ਤੇ ਮਸਾਨੇ ਦੇ ਰੋਗ ਅਕਸਰ ਲਗ ਜਾਂਦੇ ਹਨ। ਸ਼ਰਾਬ ਪੀਣ ਵਾਲਾ ਫੇਫੜਿਆਂ ਦੀ ਤਪਦਿਕ ਦਾ ਸ਼ਿਕਾਰ ਬਹੁਤ ਛੇਤੀ ਹੋ ਜਾਂਦਾ ਹੈ। ਬਲੱਡ ਪ੍ਰੈਸ਼ਰ ਦਾ ਘਟ ਜਾਂ ਵਧ ਜਾਣ, ਦਿਲ ਦੀ ਸਾਧਾਰਨ ਕਾਰਜ ਪ੍ਰਣਾਲੀ ਵਿਚ ਵਿਗਾੜ ਆ ਜਾਣ ਦੀ ਸ਼ਕਾਇਤ ਵੀ ਆਮ ਹੁੰਦੀ ਹੈ। ਇਸ ਤੋਂ ਬਿਨਾਂ ਸ਼ਰਾਬੀ ਮਨੁੱਖ ਅਨੇਕਾਂ ਮਾਨਸਕ ਵਿਕਾਰਾਂ ਦਾ ਸ਼ਿਕਾਰ ਵੀ ਹੋ ਜਾਂਦਾ ਹੈ। ਸ਼ਰਾਬ ਦਾ ਅਸਰ ਮਨੁੱਖ ਦੀ ਤੰਤੂਰ-ਪ੍ਰਣਾਲੀ ਅਤੇ ਸੂਝ-ਪ੍ਰਣਾਲੀ ਤੇ ਬੜਾ ਹੀ ਮਾੜਾ ਹੁੰਦਾ ਹੈ। ਅਜਿਹੇ ਮਾਨਸਕ ਪੀੜਤਾਂ ਦੀਆਂ ਬੇਅੰਤ ਉਦਾਹਰਣਾਂ ਦਿਤੀਆਂ ਜਾ ਸਕਦੀਆਂ ਹਨ। ਮੇਰਾ ਇਕ ਜਾਣੂ ਜ਼ਿਮੀਦਾਰ ਹੈ। ਆਮ ਹਾਲਤਾਂ ਵਿਚ ਉਹ ਬੜਾ ਨਾਰਮਲ ਹੈ, ਬੜਾ ਸੋਝੀਵਾਨ ਤੇ ਗੰਭੀਰ ਪ੍ਰਕਿਰਤੀ ਦਾ ਲਗਦਾ ਹੈ। ਆਪਣੀ ਪਤਨੀ ਪ੍ਰਤੀ ਉਸ ਦਾ ਵਰਤਾਰਾ ਬਹੁਤ ਹੀ ਚੰਗਾ ਹੈ, ਪਰ ਜਦੋਂ ਉਹ ਸ਼ਰਾਬ ਪੀ ਲੈਂਦਾ ਹੈ ਤਾਂ ਸਾਵਾਂ ਨਹੀਂ ਰਹਿੰਦਾ। ਆਪਣੀ ਪਤਨੀ ਨੂੰ ਅਬਾ ਤਬਾ ਬਕਣ ਤੇ ਮਾਰਨ-ਕੁੱਟਣ ਤੇ ਆ ਜਾਂਦਾ ਹੈ। ਦੂਜਿਆਂ ਨਾਲ ਵੀ ਉਸ ਦਾ ਵਰਤਾਰਾ ਬੜਾ ਘਟੀਆ ਹੋ ਜਾਂਦਾ ਹੈ। ਸ਼ਰਾਬ ਪੀਣ ਵਾਲਾ ਵਿਅਕਤੀ ਕੇਵਲ ਆਪ ਹੀ ਮਾਨਸਕ ਵਕਾਰਾਂ ਦਾ ਸ਼ਿਕਾਰ ਨਹੀਂ ਹੁੰਦਾ, ਸਗੋਂ ਇਸਦੀ ਇਹ ਆਦਤ ਬਹੁਤ ਵਾਰੀ ਆਪਣੇ



www.AKJ.Org

ਚਲਣੀ ਹੈ । ਓਹ ਸਿਰ ਤਲੀ ਤੇ ਰਖ ਕੇ ਏਸ ਜਥੇ ਵਿਚ ਸ਼ਾਮਲ ਹੋਏ ਸਨ ।

ਮਹਾਤਮਾ ਗਾਂਧੀ ਤੇ ਉਨ੍ਹਾਂ ਦੇ ਸਾਥੀ, ਜਿਨ੍ਹਾਂ ਨੂੰ ਓਸ ਵੇਲੇ ਲੋਕ ਆਜ਼ਾਦੀ ਦਿਵਾਉਣ ਵਾਲੇ ਦੇਵਤਾ ਸਮਝਦੇ ਸਨ, ਸਾਰੇ ਦੇਸ਼ ਵਿਚ ਅਦਮ-ਤਸ਼ੱਦਦ ਦੀ ਲਹਿਰ ਚਲਾਣਾ ਚਾਹੁੰਦੇ ਸਨ, ਉਨ੍ਹਾਂ ਨੇ ਅਖਬਾਰਾਂ ਵਿਚ ਪੜ੍ਹਿਆ ਸੀ ਕਿ ਕਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਸਿੰਘਾਂ ਨੇ ਨਨਕਾਣਾ ਸਾਹਿਬ, ਤਰਨ ਤਾਰਨ, ਗੁਰੂ ਕਾ ਬਾਗ਼ ਅਤੇ ਜੈਤੋ ਵਿਖੇ ਬਗ਼ੈਰ ਹੱਥ ਉਠਾਣ ਤੋਂ, ਜਾਬਰ ਹਕੂਮਤ ਦੀਆਂ ਗੋਲੀਆਂ ਛਾਤੀ ਤਾਣ ਕੇ ਖਾਧੀਆਂ ਸਨ, ਤੇ ਸ਼ਹੀਦੀਆਂ ਪਾਈਆਂ ਸਨ। ਏਸੇ ਤਰ੍ਹਾਂ ਦੇ ਮੋਰਚੇ ਮਹਾਤਮਾ ਗਾਂਧੀ ਲਾਉਣਾ ਚਾਹੁੰਦਾ ਸੀ। ਉਨ੍ਹਾਂ ਆਪਣੇ ਦੋ ਸਾਥੀਆਂ, ਓਸ ਸਮੇਂ ਦੇ ਦੋ ਉਚ ਕੋਟੀ ਦੇ ਲੀਡਰ, ਜਿਨ੍ਹਾਂ ਨੂੰ ਲੋਕ ਦੇਵਤਿਆਂ ਵਾਂਗ ਪੂਜਦੇ ਸਨ, ਪੰਡਤ ਮਦਨ-ਮੋਹਨ ਮਾਲਵੀਆ (ਹਿੰਦੂ ਯੂਨੀਵਰਸਿਟੀ ਬਨਾਰਸ ਦੇ ਬਾਨੀ) ਅਤੇ ਪ੍ਰੋਫੈਸਰ ਉਡਵਾਨੀ (ਸਿੰਧੀ) ਨੂੰ ਇਹ ਜੱਥੇ ਵੇਖਣ ਲਈ ਭੇਜਿਆ । ਮੈਂ ਵੀ ਏਸ ਜਥੇ ਦੇ ਦਰਸ਼ਨ ਕਰਨ ਲਈ ਸਰਹਾਲੀ (ਜ਼ਿਲਾ ਅੰਮ੍ਰਿਤਸਰ) ਪੁਜਾ। ਦੁਪਹਿਰ ਦਾ ਸਮਾਂ ਸੀ। ਸੜਕ ਦੇ ਦੋਹੀਂ ਪਾਸੀਂ ਲਾਗਲੇ ਪਿੰਡਾਂ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਏਨ੍ਹਾਂ ਬਹਾਦਰ ਸੂਰਬੀਰਾਂ ਨੂੰ ਦੇਖਣ ਆਏ ਹੋਏ ਸਨ। ਉਨ੍ਹਾਂ ਵਿਚ ਹੀ ਮਾਲਵੀਆ ਜੀ ਤੇ ਉਡਵਾਨੀ ਜੀ ਖੜੇ ਸਨ। ਸਿੰਘ ਬੜੇ ਜੋਸ਼ ਨਾਲ, ਪਰ ਸ਼ਾਂਤ-ਮਈ ਢੰਗ ਨਾਲ ਇਹ ਸ਼ਬਦ ਉੱਚੀ ਧੁਨ ਵਿਚ ਪੜ੍ਹਦੇ ਜਾ ਰਹੇ ਸਨ:—

ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਉ ॥ ਖੇਤੁ ਜੋ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ ॥ ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤੁ ॥ ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ ॥

[ਮਾਰੂ ਕਬੀਰ ਜੀ

ਦੋਵੇਂ ਲੀਡਰ ਏਨਾ ਜੋਸ਼ ਤੇ ਉਤਸ਼ਾਹ ਵੇਖ ਕੇ ਹੈਰਾਨ ਹੋ ਰਹੇ ਸਨ, ਤੇ ਜਿਥੇ ਗੁਰੂ ਅਰਜਨ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘਾਂ ਦੇ ਚਰਨ ਪੈ ਰਹੇ ਸਨ, ਓਥੋਂ ਧੂੜ ਚੁਕ ਕੇ ਆਪਣਿਆਂ ਮਥਿਆਂ ਨੂੰ ਲਾ ਰਹੇ ਸਨ, ਤੇ ਬਾਰ ਬਾਰ ਪ੍ਰਣਾਮ ਕਰ ਕੇ ਕਹਿ ਰਹੇ ਸਨ :— ਧੰਨ ਹਨ ਗੁਰੂ ਅਰਜਨ ਦੇਵ ਜੀ, ਸ਼ਹੀਦਾਂ ਦੇ ਸਿਰਤਾਜ ਤੇ ਧੰਨ ਹਨ ਉਨ੍ਹਾਂ ਦੇ ਸਿਖ, ਜਿਨ੍ਹਾਂ ਭਾਰਤ-ਵਾਸੀਆਂ ਨੂੰ ਆਜ਼ਾਦੀ ਦੀ ਜੰਗ ਲੜਨ ਦਾ ਨਵਾਂ ਰਾਹ ਦਿਖਾਇਆ ਹੈ ।

ਆਪਣੀ ਅੱਖੀਂ ਧਰਤੀ ਦੇ ਦੇਵਤਿਆਂ ਨੂੰ ਗੁਰੂ ਅਰਜਨ ਦੇਵ ਜੀ ਦੇ ਸਿਖਾਂ ਨੂੰ ਪ੍ਰਣਾਮ ਕਰਦੇ ਤੇ ਉਨ੍ਹਾਂ ਦੀ ਜੈ ਜੈ ਕਾਰ ਬੁਲਾਂਦੇ ਦੇਖ ਕੇ ਮੈਨੂੰ ਯਕੀਨ ਆ ਗਿਆ ਕਿ ਠੀਕ ਹੀ ਸਵਰਗਾਂ ਵਿਚ ਦੇਵਤਿਆਂ ਨੇ ਗੁਰੂ ਅਰਜਨ ਦੇਵ ਜੀ ਨੂੰ ਪ੍ਰਣਾਮ ਕੀਤਾ ਹੋਵੇਗਾ ਤੇ ਉਨ੍ਹਾਂ ਦੀ ਜੈ ਜੈ ਕਾਰ ਕੀਤੀ ਹੋਵੇਗੀ ।

ਵਾਹਿਗੁਰੂ ਮਿਹਰ ਕਰੇ ਤੇ ਆਪਣੇ ਖ਼ਾਲਸੇ ਨੂੰ ਫੇਰ ਓਹੋ ਜਿਹੀਆਂ ਚੜ੍ਹਦੀਆਂ ਕਲਾ ਬਖ਼ਸ਼ੇ ।

## ਰਿਸ਼ਤੇ ਨਾਤੇ

**ਫ਼ਾਰਮ ਨੰਬਰ ੨੧**—ਇਕ ਅੰਮ੍ਰਿਤਧਾਰੀ ਸਿੰਘ, ਉਮਰ ੩੬ ਸਾਲ, ਕਦ ੫ ਫੁਟ ੫ ਇੰਚ, ਅੰਡਰ ਮੈਟਰਿਕ, ਟੈਕਨੀਕਲ, ਆਮਦਨ ੬੫੦/- ਮਾਹਵਾਰ, ਦੁਹਾਜੂ, ਲਈ ਰਹਿਤਵਾਨ ਗੁਰਸਿਖ ਬੀਬੀ ਦੀ ਲੋੜ ਹੈ ।

**ਫ਼ਾਰਮ ਨੰਬਰ ੨੨**—ਇਕ ਅੰਮ੍ਰਿਤਧਾਰੀ ਕੀਰਤਨੀ ਬੀਬੀ, ਉਮਰ ੨੭ ਸਾਲ, ਕਦ ਪੰਜ ਫੁਟ, ਦਸਵੀਂ ਪਾਸ, ਸਿਲਾਈ ਡਿਪਲੋਮਾ, ਬੈਂਕ ਬੈਲੈਂਸ ਭੀ ਹੈ, ਲੱਤਾਂ ਵਿਚ ਮਮੂਲੀ ਨੁਕਸ ਹੈ, ਲਈ ਅੰਮ੍ਰਿਤਧਾਰੀ ਗੁਰਸਿਖ ਦੀ ਲੋੜ ਹੈ । ਦੁਹਾਜੂ ਜਾਂ ਗਰੀਬ ਦਾ ਕੋਈ ਭਰਮ ਨਹੀਂ ।

**ਫ਼ਾਰਮ ਨੰ: ੧੪**—ਇਕ ਅੰਮ੍ਰਿਤਧਾਰੀ ਬੀਬੀ, ਉਮਰ ੨੩ ਸਾਲ, ਕਦ ਪੰਜ ਫ਼ੁਟ ਦੋ ਇੰਚ, ਸਿਹਤ ਚੰਗੀ, ਬੀ. ਏ. ਆਨਰਜ਼ (ਐਕਨਾਮਿਕਸ), ਲਈ ਗੁਰਮੁਖ ਪਰਵਾਰ ਚੋਂ ਅੰਮ੍ਰਿਤਧਾਰੀ ਗੁਰਸਿਖ ਬੱਚੇ ਦੀ ਲੋੜ ਹੈ ।


www.AKJ.Org

# ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ

# ਸਾਲਾਨਾ ਅਖੰਡ ਕੀਰਤਨ ਸਮਾਗਮ

## ੨੮ ਫ਼ਰਵਰੀ ਸ਼ੁਕਰਵਾਰ ਸਵੇਰ ਤੋਂ ੨ ਮਾਰਚ ਐਤਵਾਰ ਸਵੇਰ ਤਕ

ਸਮੂਹ ਸੰਗਤਾਂ ਦੀ ਸੇਵਾ ਵਿਚ ਸਨਿਮਰ ਬਿਨੈ ਹੈ ਕਿ ਹੇਠਾਂ ਦਿਤੇ ਪ੍ਰੋਗਰਾਮ ਅਨੁਸਾਰ ਪਟਿਆਲੇ ਵਿਖੇ ਸਰਬ-ਹਿੰਦ ਅਖੰਡ ਕੀਰਤਨੀ ਜੱਥਿਆਂ ਵਲੋਂ ਸਾਲਾਨਾ ਕੀਰਤਨ ਸਮਾਗਮ ਹੋ ਰਹੇ ਹਨ। ਆਇ ਦੀਦਾਰ ਬਖਸ਼ੋ ਤੇ ਇਲਾਹੀ ਕੀਰਤਨ ਦੇ ਲਾਹੇ ਪ੍ਰਾਪਤ ਕਰੋ ਜੀ।

## ਪ੍ਰੋਗਰਾਮ

| | | |
|---|---|---|
| ੨੬-੨-੭੫ (ਬੁਧਵਾਰ) | ਸਵੇਰੇ ਅਰੰਭ ਸ੍ਰੀ ਅਖੰਡ ਪਾਠ | ਗੁਰੂ ਤੇਗ ਬਹਾਦਰ ਹਾਲ, ਦੂਖ ਨਿਵਾਰਨ ਸਾਹਿਬ |
| ੨੮-੨-੭੫ | ਸਵੇਰੇ ਸਮਾਪਤੀ ਸ੍ਰੀ ਅਖੰਡ ਪਾਠ | ,, ,, |
| (ਸ਼ੁਕਰਵਾਰ) | ੫-੩੦ ਤੋਂ ੧੨-੦੦ ਉਪਰੰਤ ਹਜ਼ੂਰੀ ਕੀਰਤਨ | ਦੂਖ ਨਿਵਾਰਨ ਸਾਹਿਬ |
| | ੭-੦੦ ਤੋਂ ੧੦-੦੦ ਸ਼ਾਮ ਅਖੰਡ ਕੀਰਤਨ | ਨਵੀਨ ਸ੍ਰੀ ਗੁਰੂ ਸਿੰਘ ਸਭਾ, ਧਰਮਪੁਰਾ ਬਜ਼ਾਰ |
| ੧-੩-੭੫ (ਸ਼ਨੀਵਾਰ) | ੫-੩੦ ਤੋਂ ੧੨-੦੦ ਸਵੇਰੇ ਅਖੰਡ ਕੀਰਤਨ | ਦੂਖ ਨਿਵਾਰਨ ਸਾਹਿਬ ਵਿਖੇ |

**ਰੈਣ ਸਬਾਈ**—੧ ਮਾਰਚ ਸ਼ਨੀਵਾਰ ਸ਼ਾਮ ਨੂੰ ੭ ਵਜੇ ਅਰੰਭ ਹੋ ਕੇ ੨ ਮਾਰਚ ਐਤਵਾਰ ਸਵੇਰੇ ਸਮਾਪਤੀ ਹੋਵੇਗੀ।

**ਅੰਮ੍ਰਿਤ ਸਿੰਚਾਰ**—੧ ਮਾਰਚ ਸ਼ਨੀਵਾਰ ੫ ਵਜੇ ਸ਼ਾਮ ਨੂੰ ਅਰੰਭ ਹੋਵੇਗਾ।

ਨੋਟ:—੧. ਰਿਹਾਇਸ਼ ਤੇ ਲੰਗਰ ਦਾ ਪਰਬੰਧ ਦੂਖ ਨਿਵਾਰਨ ਸਾਹਿਬ ਵਿਖੇ ਹੋਵੇਗਾ।
੨. ਲੋੜ ਅਨੁਸਾਰ ਬਿਸਤਰੇ ਨਾਲ ਜ਼ਰੂਰ ਲਿਆਓ ਜੀ।

ਪੁਛ-ਗਿਛ :
ਮੈਨੇਜਰ
ਗੁਰਦੁਆਰਾ ਦੂਖ ਨਿਵਾਰਨ ਸਾਹਿਬ
ਪਟਿਆਲਾ

ਦਰਸ਼ਨ ਅਭਿਲਾਖੀ ਦਾਸਰੇ—
ਅਖੰਡ ਕੀਰਤਨੀ ਜੱਥਾ,
ਪਟਿਆਲਾ, ਸ਼ਤਰਾਣਾ, ਡਾਲੋਮਾਜਰਾ

---


## ਗੁਰਮਤਿ ਰਮਜ਼ਾਂ

ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕ "ਗੁਰਮਤਿ ਰਮਜ਼ਾਂ" ਛਪ ਕੇ ਤਿਆਰ ਹੋ ਗਈ ਹੈ। ਭੇਟਾ ੧-੩੦

ਭਾਈ ਸਾਹਿਬ ਜੀ ਲਿਖਤ ਪੁਸਤਕਾਂ ਮੰਗਾਣ ਦਾ ਪਤਾ :

**ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ**

126-R, ਮਾਡਲ ਟਾਊਨ, ਲੁਧਿਆਣਾ

www.AKJ.Org